# ਸੈਨਤ, ਗੁਰੂ ਨਾਨਕ ਦੇ ਪੈਂਡਿਆਂ ਦੀ ਰੂਹਾਨੀ ਛਾਪ

## ਐਪੀਸੋਡ ੨੦: ਰੰਗੀਨ ਗੁਲਦਸਤਾ (ਰੰਗ-ਬਿਰੰਗੇ ਫੁੱਲਾਂ ਦਾ ਗੁੱਛਾ)

'ਰੰਗੀਨ ਗੁਲਦਸਤਾ', 'ਰੰਗ-ਬਿਰੰਗੇ ਫੁੱਲਾਂ ਦਾ ਗੁੱਛਾ' ਖੁੱਲ੍ਹਦਿਲੀ ਵਾਲੀ ਤਹਿਜੀਬ ਜਿਸ ਵਿੱਚੋਂ ਗੁਰੂ ਨਾਨਕ ਦੀ ਮਹਿਕ ਆਉਂਦੀ ਹੈ। ਸਰਬਤ ਦੀ ਸਾਂਝ ਦੇ ਅਲੰਬਰਦਾਰ ਗੁਰੂ ਨਾਨਕ 'ਸਿੰਧੂ' ਦੇ ਕਿਨਾਰਿਆਂ ਉੱਤੇ ਇਤਫ਼ਾਕ ਦੇ ਰੰਗ ਵਿਖੇਰਦੇ ਹਨ।

ਚਲੇ ਚਲਣਹਾਰ ਵਾਟ ਵਟਾਇਆ॥
ਧੰਧੁ ਪਿਟੇ ਸੰਸਾਰੁ ਸਚੁ ਨ ਭਾਇਆ॥
ਕਿਆ ਭਵੀਐ ਕਿਆ ਢੂਢੀਐ ਗੁਰ ਸਬਦਿ ਦਿਖਾਇਆ॥
ਮਮਤਾ ਮੋਹੁ ਵਿਸਰਜਿਆ ਅਪਨੈ ਘਰਿ ਆਇਆ॥
(ਰਾਗ ਆਸਾ, ਗੁਰੂ ਨਾਨਕ)

ਚੱਲਣਹਾਰ ਇੱਕ ਤੋਂ ਦੂਜੇ ਰਾਹ ਦਾ ਸਫ਼ਰ ਕਰਦੇ ਹਨ।
ਸੰਸਾਰ ਆਪਣੇ ਝੇੜਿਆਂ ਵਿੱਚ ਉਲਝਿਆ ਰਹਿੰਦਾ ਹੈ ਅਤੇ ਸੱਚ ਨੂੰ ਨਹੀਂ ਪਛਾਣਦਾ ।
ਉਸ ਦੀ ਭਾਲ ਵਿੱਚ ਕਿਉਂ ਭਟਕਣਾ ਹੈਂ ਜੋ ਵਿਵੇਕ ਦੇ ਸ਼ਬਦਾਂ ਨਾਲ ਜ਼ਾਹਿਰ ਹੋ ਸਕਦਾ ਹੈ।
ਮੈਂ ਮਮਤਾ ਅਤੇ ਮੋਹ ਵਿਸਾਰ ਕੇ ਆਪਣੇ ਘਰ ਆਇਆ ਹਾਂ।
(ਰਾਗ ਆਸਾ, ਗੁਰੂ ਨਾਨਕ)

ਆਪਣੇ ਪਰਿਵਾਰਾਂ ਨਾਲ ਨਨਕਾਣਾ ਸਾਹਿਬ ਅਤੇ ਸੁਲਤਾਨਪੁਰ ਲੋਧੀ ਵਿੱਚ ਸਮਾਂ ਗੁਜ਼ਾਰਨ ਤੋਂ ਬਾਅਦ ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਤੀਜੀ ਉਦਾਸੀ ਸ਼ੁਰੂ ਕੀਤੀ। ਅੰਦਾਜ਼ਿਆਂ ਮੁਤਾਬਕ ਇਹ ਉਦਾਸੀ ਪੰਦਰ੍ਹਾਂ ਸੌ ਵੀਹ ਈਸਵੀ ਵਿੱਚ ਸ਼ੁਰੂ ਹੋਈ। ਇਹ ਉਦਾਸੀ ਉਨ੍ਹਾਂ ਨੂੰ ਪੱਛਮ ਵਾਲੇ ਪਾਸੇ ਲੈ ਗਈ ਜਿੱਥੇ ਉਹ ਮੁਸਲਮਾਨਾਂ ਦੇ ਮਜ਼ਹਬੀ ਜ਼ਿਆਰਤ ਦੇ ਅਹਿਮ ਅਸਥਾਨ ਉੱਤੇ ਗਏ।

ਉਨ੍ਹਾਂ ਨੇ ਸੁਲਤਾਨਪੁਰ ਲੋਧੀ ਤੋਂ ਪਾਕਪਟਨ, ਮੁਲਤਾਨ, ਉੱਚ, ਸੱਕਰ, ਸ਼ਿਕਾਰਪੁਰ ਅਤੇ ਮੀਰਪੁਰ ਖ਼ਾਸ ਦਾ ਸਫ਼ਰ ਕੀਤਾ। ਇਸ ਤੋਂ ਅੱਗੇ ਉਹ ਦੱਖਣ ਵਾਲੇ ਪਾਸੇ ਨੂੰ ਲੱਖਪਤ ਅਤੇ ਕੋਟੇਸ਼ਵਰ ਗਏ ਜਿੱਥੋਂ ਉਨ੍ਹਾਂ ਨੇ ਸਮੁੰਦਰ ਰਾਹੀਂ ਸੋਮੀਆਨੀ ਦਾ ਸਫ਼ਰ ਕੀਤਾ ਅਤੇ ਅੱਗੇ ਹਿੰਗਲਾਜ ਲਈ ਚਾਲਾ ਪਾਇਆ।

ਸੁਲਤਾਨਪੁਰ ਲੋਧੀ ਤੋਂ ਉਨ੍ਹਾਂ ਨੇ ਸਤਲੁਜ ਨਦੀ ਰਾਹੀਂ ਪਾਕਪਟਨ ਦਾ ਸਫ਼ਰ ਕੀਤਾ।

ਹੁਣ ਅਸੀਂ ਇੰਡੀਆ-ਪਾਕਿਸਤਾਨ ਦੀ ਸਰਹੱਦ ਵਾਹਗਾ ਨਾਕੇ ਤੋਂ ਪਾਰ ਕਰ ਕੇ ਪਾਕਿਸਤਾਨ ਜਾ ਰਹੇ ਹਾਂ ਜਿੱਥੇ ਅਸੀਂ ਪਾਕਪਟਨ ਤੋਂ ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਸਫ਼ਰ ਅੱਗੇ ਤੋਰਾਂਗੇ।

ਲੋਕੀ ਹਸ਼ਰ ਦਿਹਾੜੇ ਤੋਂ ਖ਼ੌਫ਼ ਖਾਂਦੇ ਹਨ।
ਸਾਡੇ ਵਾਸਤੇ ਉਸ ਦਿਨ ਈਦ ਹੋਣੀ।
ਅਸਗਰ ਵੇਖ ਲਈ, ਉਹ ਹਸ਼ਰ ਮੈਦਾਨ ਅੰਦਰ।
ਹਰ ਪਾਸੇ ਉਸ ਦਿਨ ਫ਼ਰੀਦ ਹੀ ਫ਼ਰੀਦ ਹੋਣੀ।

ਗੁਰੂ ਨਾਨਕ ਦੂਜੀ ਵਾਰ ਬਾਬਾ ਸ਼ੇਖ਼ ਫ਼ਰੀਦ ਦੀ ਰੂਹਾਨੀ ਗੱਦੀ ਦੇ ਬਾਰ੍ਹਵੇਂ ਗੱਦੀਨਸ਼ੀਨ ਸ਼ੇਖ਼ ਇਬਰਾਹਿਮ ਫ਼ਰੀਦ ਸਾਨੀ ਨਾਲ ਗੋਸ਼ਟਿ ਕਰਨ ਜਾ ਰਹੇ ਸਨ। ਸ਼ੇਖ਼ ਇਬਰਾਹਿਮ ਨੂੰ ਸ਼ੇਖ਼ ਬ੍ਰਹਮ ਵੀ ਕਹਿੰਦੇ ਸਨ।

ਆਸ਼ਿਕ ਕੁੱਲ ਜ਼ਮਾਨਾ ਲੋਕੀ ਸੁੱਚਿਆਂ ਦਾ।
ਜਗ ਤੇ ਜਾਰੀ ਫ਼ੇਜ਼ ਹੈ ਪੀਰਾਂ ਉੱਚਿਆਂ ਦਾ।
ਮੇਰੇ ਲਈ ਤਾਂ ਯਾਰਾਂ ਇੰਨਾ ਕਾਫ਼ੀ ਹੈ।
ਹਾਂ ਗੰਜ ਸ਼ਕਰ ਦੇ ਕੁੱਤਿਆਂ ਦਾ।
ਮੇਰਾ ਸਭ ਵਲੀਆਂ ਦਾ ਰਾਜਾ, ਬਾਬਾ (ਫ਼ਰੀਦ) ਮੇਰਾ ਸਭ ਵਲੀਆਂ ਦਾ ਰਾਜਾ।

ਗੁਰੂ ਨਾਨਕ ਅਤੇ ਸ਼ੇਖ਼ ਬ੍ਰਹਮ ਨੇ ਸ਼ਬਦਾਂ ਰਾਹੀਂ ਰੂਹਾਨੀ ਸੋਚਾਂ ਦਾ ਵਟਾਂਦਰਾ ਕੀਤਾ। ਇਸ ਦੌਰਾਨ ਇੱਕ ਵਾਰ ਸ਼ੇਖ਼ ਇਬਰਾਹਿਮ ਨੇ ਸਾਦੀ ਜ਼ਿੰਦਗੀ ਅਤੇ ਉੱਚੀ ਸੋਚ ਦੀ ਅਹਿਮੀਅਤ ਦਾ ਇਜ਼ਹਾਰ ਕਰਨ ਲਈ ਬਾਬਾ ਫ਼ਰੀਦ ਦੇ ਸ਼ਬਦ ਦਾ ਗਾਇਨ ਕੀਤਾ।

ਫਰੀਦਾ ਪਾੜਿ ਪਟੋਲਾ ਧਜ ਕਰੀ ਕੰਬਲੜੀ ਪਹਿਰੇਉ॥
ਜਿਨ੍ਹੀ ਵੇਸੀ ਸਹੁ ਮਿਲੈ ਸੇਈ ਵੇਸ ਕਰੇਉ॥
(ਸਲੋਕ ਸੇਖ ਫਰੀਦ)

ਫਰੀਦ ਫ਼ਰਮਾਉਂਦੇ ਹਨ ਕਿ ਮੈਂ ਆਪਣੇ ਵਿਤਕਰਿਆਂ ਦਾ ਲਿਵਾਸ ਲੀਰੋ-ਲੀਰ ਕਰ ਦਿੱਤਾ ਹੈ ਅਤੇ ਵਹਿਦਤ ਦੀ ਕੰਬਲੀ ਪਹਿਨੀ ਹੈ।
ਮੈਂ ਉਹ ਵੇਸ ਧਾਰਨ ਕੀਤਾ ਹੈ ਜੋ ਮੈਨੂੰ ਮੇਰੀ ਚੇਤਨਾ ਨਾਲ ਮਿਲਾਉਂਦਾ ਹੈ।
(ਸਲੋਕ ਸੇਖ ਫਰੀਦ)

ਇਸ ਤੋਂ ਬਾਅਦ ਗੁਰੂ ਨਾਨਕ ਨੇ ਬਾਬਾ ਫ਼ਰੀਦ ਦੇ ਕਾਇਨਾਤੀ ਪਿਆਰ ਵਾਲੇ ਫ਼ਲਸਫ਼ੇ ਦੀ ਹਾਮੀ ਭਰਦੇ ਸ਼ਬਦ ਦਾ ਗਾਇਨ ਕੀਤਾ। ਇਹ ਪਿਆਰ ਹੀ ਉਹ ਅਹਿਸਾਸ ਹੈ ਜੋ ਅਨੇਕਤਾ ਵਿੱਚ ਏਕਤਾ ਦੀ ਸੱਦ ਪਾਉਂਦਾ ਹੈ।

ਘਰ ਹੀ ਮੁੰਧਿ ਵਿਦੇਸਿ ਪਿਰੁ ਨਿਤ ਝੂਰੇ ਸੰਮ੍ਹਾਲੇ॥
ਮਿਲਦਿਆ ਢਿਲ ਨ ਹੋਵਈ ਜੇ ਨੀਅਤਿ ਰਾਸਿ ਕਰੇ॥
(ਰਾਗ ਵਡਹੰਸ, ਗੁਰੂ ਨਾਨਕ)

ਚੇਤਨਾ ਦਾ ਘਰ ਮਨੁੱਖ ਦੇ ਅੰਦਰ ਹੈ ਪਰ ਜਦੋਂ ਧਿਆਨ ਬਾਹਰ ਨੂੰ ਹੁੰਦਾ ਹੈ ਤਾਂ ਰੂਹ ਆਪਣੇ ਪਿਆਰੇ ਦੀ
ਗ਼ੈਰ-ਹਾਜ਼ਰੀ ਦਾ ਮਾਤਮ ਮਨਾਉਂਦੀ ਹੈ।
ਚੇਤਨਾ ਨਾਲ ਮੇਲ਼ ਹੋਣ ਵਿੱਚ ਦੇਰ ਨਹੀਂ ਲਗਦੀ ਜੇ ਨੀਅਤ ਰਾਸ ਹੋਵੇ।
(ਰਾਗ ਵਡਹੰਸ, ਗੁਰੂ ਨਾਨਕ)

ਇਸ ਤੋਂ ਅੱਗੇ ਸ਼ੇਖ਼ ਬ੍ਰਹਮ ਨੇ ਹੁੰਗਾਰਾ ਭਰਿਆ ਕਿ ਸਾਦਗੀ ਵਾਲੀ ਜ਼ਿੰਦਗੀ ਜਿਊਂਦਾ ਹੋਇਆ ਵੀ ਚੰਚਲ ਮਨ ਵਹਿਦਤ ਦੇ ਰਾਹ ਤੋਂ ਭਟਕ ਜਾਂਦਾ ਹੈ।

ਇਸ ਦੇ ਜੁਆਬ ਵਿੱਚ ਗੁਰੂ ਨਾਨਕ ਨੇ ਗਾਇਨ ਕੀਤਾ,

ਸਚ ਕੀ ਕਾਤੀ ਸਚੁ ਸਭੁ ਸਾਰੁ॥
ਘਾੜਤ ਤਿਸ ਕੀ ਅਪਰ ਅਪਾਰ॥
ਸਬਦੇ ਸਾਣ ਰਖਾਈ ਲਾਇ॥
ਗੁਣ ਕੀ ਥੇਕੈ ਵਿਚਿ ਸਮਾਇ॥
(ਰਾਗ ਰਾਮਕਲੀ, ਗੁਰੂ ਨਾਨਕ)

ਜਦੋਂ ਸੱਚ ਦੇ ਲੋਹੇ ਨਾਲ ਸੱਚ ਦਾ ਚਾਕੂ ਬਣਿਆ ਹੋਵੇ ਤਾਂ ਇਸ ਦੀ ਘਾੜਤ ਅਪਰ ਅਪਾਰ ਹੁੰਦੀ ਹੈ।
ਜਦੋਂ ਇਹ ਸ਼ਬਦ ਦੀ ਸਾਣ ਉੱਤੇ ਤਿੱਖਾ ਹੁੰਦਾ ਹੈ
ਤਾਂ ਇਹ ਸਦਗੁਣੀ ਮਿਆਨ ਵਿੱਚ ਪੈਂਦਾ ਹੈ।
ਤਾਂ ਇਹ ਸਦਗੁਣੀ ਮਿਆਨ ਵਿੱਚ ਪੈਂਦਾ ਹੈ।
(ਰਾਗ ਰਾਮਕਲੀ, ਗੁਰੂ ਨਾਨਕ)

ਗੁਰੂ ਨਾਨਕ ਨੇ ਫ਼ਰਮਾਇਆ ਕਿ ਜਦੋਂ ਮਨ ਸੱਚ ਦੀ ਪਛਾਣ ਕਰ ਲੈਂਦਾ ਹੈ ਤਾਂ ਇਸ ਦੀ ਧਾਰ ਧਾਤ ਦੇ ਚਾਕੂ ਵਾਂਗ ਤਿੱਖੀ ਹੋ ਜਾਂਦੀ ਹੈ ਜੋ ਲਾਲਸਾਵਾਂ ਨੂੰ ਚੀਰ ਦਿੰਦੀ ਹੈ।

**ਮਲੰਗ ਬਾਬਾ:** ਬਾਬਾ ਸਾਹਿਬ ਦੇ ਇੱਕ ਸਾਹਿਬਜ਼ਾਦੇ ਸਨ, ਇਬਰਾਹਿਮ ਫ਼ਰੀਦ ਸਾਨੀ, ਉਨ੍ਹਾਂ ਨੇ ਬੈਠ ਕੇ ਬਾਬਾ ਨਾਨਕ ਸਾਹਿਬ ਨਾਲ ਬਹੁਤ ਚੰਗੀ ਪਿਆਰ ਅਤੇ ਇਖ਼ਲਾਕ ਦੀ ਗੁਫ਼ਤਗੂ ਕੀਤੀ, ਇਨਸਾਨੀਅਤ ਦੀ ਰਹਿਨੁਮਾਈ ਵਾਸਤੇ। ਉਹ ਵਕਤ ਅੱਜ ਤੱਕ ਚੱਲ ਰਿਹਾ ਹੈ। ਬੜੀ ਖ਼ੁਸ਼ੀ ਦੀ ਗੱਲ ਹੈ ਕਿ ਬਾਬਾ ਸਾਹਿਬ ਤੇ ਬਾਬਾ ਨਾਨਕ ਸਾਹਿਬ ਨੇ, ਇਨਸਾਨ ਦੀ ਰਹਿਨੁਮਾਈ ਵਾਸਤੇ, ਫ਼ਲਾਮੁਦੀ ਕੰਮ ਕੀਤਾ ਹੈ। ਬਾਬਾ ਫ਼ਰੀਦ ਸਰਕਾਰ ਬਹੁਤ ਰਹਿਨੁਮਾ ਇਨਸਾਨ ਸਨ। ਇਨਸਾਨੀਅਤ ਦੇ ਹਮਦਰਦ ਇਨਸਾਨ ਸਨ। ਅੱਲਾਹ ਦੇ ਬਜ਼ੁਰਗ ਸਨ, ਤੇ ਪੰਜਾਬ ਦੇ ਸਾਰੇ, ਜਿੰਨੇ ਇਲਾਕੇ ਦੇ ਹਜ਼ਰਾਤ ਹੋਏ, ਬਾਬਾ ਸਾਹਿਬ ਨਾਲ ਅਕੀਦਾ ਰੱਖਦੇ ਹਨ। ਅਸੀਂ ਬਾਬਾ ਨਾਨਕ ਸਾਹਿਬ ਨਾਲ ਬਹੁਤ ਜ਼ਿਆਦਾ ਖ਼ਾਸ ਅਕੀਦਾ ਰੱਖਦੇ ਹਾਂ।

ਆਪਣੇ ਇਸ ਫੇਰੇ ਦੌਰਾਨ ਗੁਰੂ ਨਾਨਕ ਨੇ ਸ਼ੇਖ਼ ਇਬਰਾਹਿਮ ਦੀ ਮਦਦ ਨਾਲ ਬਾਬਾ ਫ਼ਰੀਦ ਦੇ ਹੋਰ ਸ਼ਬਦ ਇਕੱਤਰ ਕੀਤੇ। ਉਨ੍ਹਾਂ ਦੀ ਸ਼ਿੱਦਤ ਨਾਲ ਕੀਤੀ ਇਹ ਖੋਜ ਹੀ ਬਾਅਦ ਵਿੱਚ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ

ਹੋਈ। ਇਹ ਮੰਨਿਆ ਜਾਂਦਾ ਹੈ ਕਿ ਆਪਣੇ ਪਾਕਪਟਨ ਦੇ ਕਿਆਮ ਦੌਰਾਨ ਗੁਰੂ ਨਾਨਕ ਨੇ 'ਆਸਾ ਕੀ ਵਾਰ' ਦੀਆਂ ਪਹਿਲੀਆਂ ਨੌਂ ਪੌੜੀਆਂ ਦੀ ਰਚਨਾ ਕੀਤੀ ਜੋ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਿਲ ਕੀਤੀ ਗਈ।

ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਪਾਕਪਟਨ ਤੋਂ ਮੁਲਤਾਨ ਦਾ ਪੈਦਲ ਸਫ਼ਰ ਕੀਤਾ।

ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਹੁਣ ਅਸੀਂ ਪਾਕਪਟਨ ਤੋਂ ਮੁਲਤਾਨ ਜਾ ਰਹੇ ਹਾਂ।

ਚਿਨਾਬ ਨਦੀ ਦੇ ਕਿਨਾਰੇ ਉੱਤੇ ਮੁਲਤਾਨ ਪੰਜਾਬ ਦਾ ਪੁਰਾਤਨ ਸ਼ਹਿਰ ਹੈ। ਵਿਆਦ ਲਿਖਤਾਂ ਵਿੱਚ ਦਰਜ ਹੈ ਕਿ ਪ੍ਰਹਿਲਾਦ ਅਤੇ ਹਿਰਨਾਕਸ਼ਅਪ ਦੀ ਅਫ਼ਸਾਨਵੀ ਕਹਾਣੀ ਇਸੇ ਸ਼ਹਿਰ ਵਿੱਚ ਵਾਪਰੀ ਸੀ। ਜਦੋਂ ਤਿੰਨ ਸੌ ਚੱਬੀ ਈਸਾ ਪੂਰਵ ਵਿੱਚ ਯੂਨਾਨੀ ਰਾਜੇ ਅਲੈਗਜ਼ੈਂਡਰ ਨੇ ਮੁਲਤਾਨ ਉੱਤੇ ਹਮਲਾ ਕੀਤਾ ਤਾਂ ਇਹ ਮਾਲੀ ਸਲਤਨਤ ਦੇ ਰਾਜ ਦਾ ਹਿੱਸਾ ਸੀ। ਸੱਤਵੀਂ ਸਦੀ ਦੇ ਚੀਨੀ ਯਾਤਰੂ ਹਿਊਂਨ ਸਾਂਗ ਨੇ ਮੁਲਤਾਨ ਦੀ ਨਾਮਵਰੀ ਦਾ ਜ਼ਿਕਰ ਕੀਤਾ ਹੈ। ਅੱਠਵੀਂ ਸਦੀ ਵਿੱਚ ਮਰਕਜ਼ੀ ਏਸ਼ੀਆ ਦੇ ਸੌਦਾਗਰਾਂ ਅਤੇ ਹਮਲਾਵਰਾਂ ਰਾਹੀਂ ਮੁਲਤਾਨ ਦੀ ਇਸਲਾਮ ਨਾਲ ਜਾਣ-ਪਛਾਣ ਹੋਈ। ਗੁਰੂ ਨਾਨਕ ਦੇ ਆਉਣ ਵਾਲੇ ਦੌਰ ਵਿੱਚ ਮੁਲਤਾਨ ਮੁਖ਼ਤਲਿਫ਼ ਦਸਤੂਰ ਦੇ ਮੁਸਲਮਾਨ ਫ਼ਕੀਰਾਂ ਦਾ ਅਹਿਮ ਮਰਕਜ਼ ਸੀ।

**ਅਮਰਦੀਪ ਸਿੰਘ:** ਮੁਲਤਾਨ ਸੰਤਾਂ ਦਾ ਸ਼ਹਿਰ ਹੈ। ਇਹ ਉਸ ਸੰਗਮ ਦੇ ਲਾਗੇ ਹੈ ਜਿੱਥੇ ਪੰਜਾਬ ਦੀਆਂ ਪੰਜ ਨਦੀਆਂ ਸ਼ਾਹਜ਼ੋਰ ਸਿੰਧ ਦਰਿਆ ਵਿੱਚ ਰਲ਼ ਜਾਂਦੀਆਂ ਹਨ। ਸ਼ਾਇਦ ਇਸੇ ਕਰ ਕੇ ਸੂਫ਼ੀ ਸੰਤਾਂ ਦਾ ਯਕੀਨ ਸੀ ਕਿ ਮੁਲਤਾਨ ਵਿੱਚ ਮਨੁੱਖ ਦੀ ਹਉਮੈਂ ਉਸੇ ਤਰ੍ਹਾਂ ਖ਼ਤਮ ਹੋ ਸਕਦੀ ਹੈ ਜਿਸ ਤਰ੍ਹਾਂ ਪੰਜਾਬ ਦੀਆਂ ਪੰਜ ਨਦੀਆਂ ਦੀ ਨਿੱਜੀ ਸ਼ਨਾਖ਼ਤ ਮੁੱਕ ਜਾਂਦੀ ਹੈ।

ਅਸੀਂ ਸੂਫ਼ੀ ਰਹੱਸਵਾਦੀ ਸ਼ੇਖ਼ ਬਹਾ-ਉਦ-ਦੀਨ ਜ਼ਕਰੀਆ ਦੀ ਮਜ਼ਾਰ ਉੱਤੇ ਜਾ ਰਹੇ ਹਾਂ।

ਸ਼ੇਖ਼ ਬਹਾ-ਉਦ-ਦੀਨ ਜ਼ਕਰੀਆ ਬਾਰ੍ਹਵੀਂ ਸਦੀ ਦੇ ਰੂਹਾਨੀ ਰਹਿਨੁਮਾ ਸਨ ਜਿਨ੍ਹਾਂ ਨੇ ਬਗ਼ਦਾਦ ਵਾਲੇ ਸੁਹਰਾਵਰਦੀ ਸਿਲਸਿਲੇ ਦਾ ਇਸ ਇਲਾਕੇ ਵਿੱਚ ਮੁੱਢ ਬੰਨ੍ਹਿਆ। ਇਹ ਮੰਨਿਆ ਜਾਂਦਾ ਹੈ ਕਿ ਉਹ ਪੈਗ਼ੰਬਰ ਮੁਹੰਮਦ ਦੀ ਕੁੱਲ ਵਿੱਚੋਂ ਸਨ।

ਦੱਖਣੀ ਪੰਜਾਬ ਦੇ ਸਫ਼ਰ ਦੌਰਾਨ ਗੁਰੂ ਨਾਨਕ ਅਤੇ ਭਾਈ ਮਰਦਾਨਾ ਚਾਰ ਵਿੱਚੋਂ ਤਿੰਨ ਸੂਫ਼ੀ ਦੋਸਤਾਂ ਦੀਆਂ ਦਰਗਾਹਾਂ ਉੱਤੇ ਗਏ; ਸ਼ੇਖ਼ ਬਹਾ-ਉਦ-ਦੀਨ ਜ਼ਕਰੀਆ, ਸ਼ੇਖ਼ ਜਲਾਲੂਦੀਨ ਬੁਖ਼ਾਰੀ ਅਤੇ ਸ਼ੇਖ਼ ਫ਼ਰੀਦ ਗੰਜਿ-ਸ਼ਕਰ। ਇਹ ਸੂਫ਼ੀ ਸੰਤ ਤੇਰ੍ਹਵੀਂ ਸਦੀ ਦੇ ਚਿਸ਼ਤੀ ਅਤੇ ਸੁਹਰਾਵਰਦੀ ਸਿਲਸਿਲਿਆਂ ਦੇ ਰਹਿਬਰਾਨ ਸਨ। ਇਨ੍ਹਾਂ ਦੀ ਸੋਭਾ 'ਚਾਰ ਯਾਰ' ਵਜੋਂ ਸੀ ਅਤੇ ਇਨ੍ਹਾਂ ਦੀਆਂ ਦਰਗਾਹਾਂ ਇਸਲਾਮੀ ਮਜ਼ਹਬੀ ਜੋੜ-ਮੇਲਿਆਂ ਲਈ ਅਹਿਮ ਅਸਥਾਨ ਸਨ। ਸ਼ਾਇਦ ਇਸੇ ਕਾਰਨ ਗੁਰੂ ਨਾਨਕ ਇਸ ਅਸਥਾਨ ਉੱਤੇ ਆਏ ਸਨ।

**ਅਮਰਦੀਪ ਸਿੰਘ:**

ਆਪੇ ਰਸੀਆ ਆਪਿ ਰਸੁ ਆਪੇ ਰਾਵਣਹਾਰੁ॥
(ਗੁਰੂ ਨਾਨਕ)

---

ਉਹ ਆਪ ਰਸੀਆ ਹੈ, ਆਪੇ ਰਸ ਹੈ ਅਤੇ ਆਪ ਹੀ ਰਾਵਣਹਾਰ ਹੈ।
(ਗੁਰੂ ਨਾਨਕ)

ਖ਼ੁਦਾ ਦੀ ਹਾਜ਼ਰਾ-ਹਜ਼ੂਰੀ ਬਾਰੇ ਇਸ ਡੂੰਘੇ ਸ਼ਬਦ ਦਾ ਉਚਾਰਨ ਗੁਰੂ ਨਾਨਕ ਨੇ ਸ਼ੇਖ਼ ਬਹਾ-ਉਦ-ਦੀਨ ਜ਼ਕਰੀਆ ਦੀ ਇਸ ਦਰਗਾਹ ਉੱਤੇ ਕੀਤਾ। ਜਦੋਂ ਗੁਰੂ ਨਾਨਕ ਮੁਲਤਾਨ ਵਿੱਚ ਪਧਾਰੇ ਤਾਂ ਇਸ ਦਰਗਾਹ ਦੇ 'ਮਖ਼ਦੂਮ' ਨੇ ਉਨ੍ਹਾਂ ਦਾ ਨਿੱਘਾ ਸੁਆਗਤ ਕੀਤਾ, ਦੋਵਾਂ ਨੇ ਕਈ ਦਿਨ ਰੂਹਾਨੀ ਗੋਸ਼ਟਿ ਕਰਦਿਆਂ ਗੁਜ਼ਾਰੇ।

'ਮਖ਼ਦੂਮ' ਅਰਬੀ ਦਾ ਲਫ਼ਜ਼ ਹੈ ਜਿਸ ਦਾ ਮਾਅਨਾ ਉਸਤਾਦ ਹੈ। ਬਰੇ-ਸਗੀਰ ਦੀਆਂ ਸੂਫ਼ੀ ਦਰਗਾਹਾਂ ਦੇ ਰੂਹਾਨੀ ਰਹਿਬਰਾਂ ਨੂੰ ਇਸੇ ਰੁਤਬੇ ਨਾਲ ਨਿਵਾਜ਼ਿਆ ਜਾਂਦਾ ਹੈ।

ਸ਼ੇਖ਼ ਬਹਾ-ਉਦ-ਦੀਨ ਜ਼ਕਰੀਆ ਦੀ ਇਸ ਦਰਗਾਹ ਦੇ ਮਖ਼ਦੂਮ ਬਹਾਵਦੀ ਨੇ ਜ਼ਿਕਰ ਕੀਤਾ ਕਿ ਉਹ ਜਾਣਦੇ ਹਨ ਕਿ ਗੁਰੂ ਨਾਨਕ ਕਿਸੇ ਹਿੰਦੂ ਅਤੇ ਮੁਸਲਮਾਨ ਵਿੱਚ ਕੋਈ ਫ਼ਰਕ ਨਹੀਂ ਕਰਦੇ। ਉਨ੍ਹਾਂ ਨੇ ਸੁਆਲ ਕੀਤਾ ਕਿ ਕੀ ਰੂਹਾਨੀ ਨੂਰ ਹਿੰਦੂਆਂ ਅਤੇ ਮੁਸਲਮਾਨਾਂ, ਦੋਵਾਂ ਵਿੱਚ ਵਾਸ ਕਰਦੀ ਹੈ। ਜੁਆਬ ਵਿੱਚ ਗੁਰੂ ਨਾਨਕ ਨੇ ਗਾਇਨ ਕੀਤਾ,

ਆਪੇ ਰਸੀਆ ਆਪਿ ਰਸੁ ਆਪੇ ਰਾਵਣਹਾਰੁ॥
ਆਪੇ ਹੋਵੈ ਚੋਲੜਾ ਆਪੇ ਸੇਜ ਭਤਾਰੁ॥
ਰੰਗਿ ਰਤਾ ਮੇਰਾ ਸਾਹਿਬੁ ਰਵਿ ਰਹਿਆ ਭਰਪੂਰਿ॥
(ਸਿਰੀ ਰਾਗ, ਗੁਰੂ ਨਾਨਕ)

ਉਹ ਆਪ ਰਸੀਆ ਹੈ, ਆਪੇ ਰਸ ਹੈ ਅਤੇ ਆਪ ਹੀ ਰਾਵਣਹਾਰ ਹੈ।
ਉਹ ਆਪ ਵਿਆਹ ਵਾਲੇ ਚੋਲੇ (ਬੁੱਤ) ਵਿੱਚ ਸਜੀ ਲਾੜੀ (ਚੇਤਨਾ) ਹੈ ਆਪੇ ਲਾੜਾ (ਸਿਰਜਣਹਾਰਾ) ਹੈ ਅਤੇ ਆਪੇ ਹੀ ਸੇਜ (ਸਿਰਜਣਾ) ਹੈ।
ਮੇਰਾ ਸਾਹਿਬ ਰੰਗ ਰੱਤਾ ਹੈ ਅਤੇ ਉਹ ਆਪ ਸਭ ਵਿੱਚ ਸਮਾਇਆ ਹੈ ਅਤੇ ਭਰਪੂਰ ਹੈ।
(ਸਿਰੀ ਰਾਗ, ਗੁਰੂ ਨਾਨਕ)

ਗੁਰੂ ਨਾਨਕ ਨੇ ਫ਼ਰਮਾਇਆ ਕਿ ਸਰਵਉੱਚ ਸ਼ਕਤੀ ਦਾ ਸਭ ਜੀਆਂ ਵਿੱਚ ਵਾਸਾ ਹੈ। ਉਹ ਸਿਰਜਣਹਾਰ ਹੈ ਜੋ ਸਭ ਵਿੱਚ ਸਮਾਇਆ ਹੈ ਅਤੇ ਸਭ ਨੂੰ ਨਜ਼ਰ ਵਿੱਚ ਰੱਖਦਾ ਹੈ।

ਦਾਤਾ ਦੀਆਂ ਮਹਿਫਿਲਾਂ ਸਜਾਣ ਵਾਲੇ ਚੰਗੇ ਨੇ।
ਸੋਹਣੇ ਤੇ ਹਰਦਮ ਦਰੂਦ ਰਹਿੰਦੇ ਪੜ੍ਹਦੇ।
ਅਮੀਨ ਮਹਿਬੂਬ ਉਹ ਤਾਂ ਮਰਦੇ ਨੀ ਮਰਦੇ।
ਹਜ਼ੂਰ ਨਾਲ ਪੱਕੀਆਂ ਲਗਾਉਣ ਵਾਲੇ ਚੰਗੇ ਨੇ।
ਆਕਾ ਦੀਆਂ ਮਹਿਫਿਲਾਂ ਸਜਾਣ ਵਾਲੇ ਚੰਗੇ ਨੇ।

ਭਗਤ ਪ੍ਰਹਿਲਾਦ ਦੇ ਸਤਿਕਾਰ ਵਿੱਚ ਬਣਿਆ ਪ੍ਰਹਿਲਾਦਪੁਰੀ ਮੰਦਿਰ ਸ਼ੇਖ਼ ਬਹਾ-ਉਦ-ਦੀਨ ਜ਼ਕਰੀਆ ਦੀ ਦਰਗਾਹ ਦੇ ਲਾਗੇ ਬਣਿਆ ਹੋਇਆ ਹੈ। ਮੌਜੂਦਾ ਦੌਰ ਵਿੱਚ ਇਹ ਅਸਥਾਨ ਖੰਡਰ ਬਣ ਗਿਆ ਹੈ ਕਿਉਂਕਿ ਇਸ ਦੀ ਸੇਵਾ-ਸੰਭਾਲ ਕਰਨ ਵਾਲੀ ਹਿੰਦੂ ਬਰਾਦਰੀ ਉੱਨੀ ਸੌ ਸੰਤਾਲੀ ਵਿੱਚ ਪਈਆਂ ਮਜ਼ਹਬੀ ਵੰਡੀਆਂ ਕਾਰਨ ਇੱਥੋਂ ਹਿਜਰਤ ਕਰ ਗਈ।

**ਅਮਰਦੀਪ ਸਿੰਘ:** ਭਗਤ ਪ੍ਰਹਿਲਾਦ ਦਾ ਜ਼ਿਕਰ ਗੁਰਬਾਣੀ ਵਿੱਚ ਗੁਰਮੁਖ ਵਜੋਂ ਆਉਂਦਾ ਹੈ, ਜਿਸ ਦਾ ਮੂੰਹ ਨੇਕੀ ਵਾਲੇ ਪਾਸੇ ਹੈ। ਮੁਲਤਾਨ ਦਾ ਪੁਰਾਤਨ ਮੰਦਿਰ ਭਗਤ ਪ੍ਰਹਿਲਾਦ ਦੇ ਪੁਰਾਣਿਕ ਕਿੱਸੇ ਦੀ ਗਵਾਹੀ ਭਰਦਾ ਹੈ।

ਵਿਆਦੀ ਅੰਜੀਲੀ ਸਾਹਿਤ 'ਭਗਵਤ ਪੁਰਾਣ' ਵਿੱਚ ਇਖ਼ਲਾਕੀ ਕਹਾਣੀਆਂ ਦਾ ਸੰਕਲਨ ਹੈ। ਇਨ੍ਹਾਂ ਕਹਾਣੀਆਂ ਵਿੱਚ ਇੱਕ ਕਹਾਣੀ ਭਗਤ ਪ੍ਰਹਿਲਾਦ ਅਤੇ ਉਨ੍ਹਾਂ ਦੇ ਪਿਤਾ ਰਾਜਾ ਹਿਰਨਾਕਸ਼ਅਪ ਦੀ ਹੈ। ਹਿਰਨਾਕਸ਼ਅਪ ਪਦਾਰਥਵਾਦ ਦਾ ਨੁਮਾਇਆ ਕਿਰਦਾਰ ਹੈ ਜੋ ਅਹੰਕਾਰ ਦੀ ਨੁਮਾਇੰਦਗੀ ਕਰਦਾ ਹੈ। ਪ੍ਰਹਿਲਾਦ ਦਾ ਮਾਅਨਾ ਹਾਂ-ਪੱਖੀ ਅਡੋਲਤਾ ਹੈ ਜੋ ਨਾਂਹ-ਪੱਖ ਨੂੰ ਇਨਕਾਰ ਕਰਨ ਵਾਲੀ ਤਾਕਤ ਦੀ ਨੁਮਾਇੰਦਗੀ ਕਰਦਾ ਹੈ। ਰਾਜਾ ਹਿਰਨਾਕਸ਼ਅਪ ਨੂੰ ਵਰਦਾਨ ਮਿਲਿਆ ਹੋਇਆ ਸੀ ਕਿ ਉਸ ਨੂੰ ਨਾ ਮਨੁੱਖ ਮਾਰ ਸਕਦਾ ਸੀ ਅਤੇ ਨਾ ਜਾਨਵਰ, ਨਾ ਉਹ ਦਿਨ ਵਿੱਚ ਮਰ ਸਕਦਾ ਸੀ ਅਤੇ ਨਾ ਰਾਤ ਨੂੰ, ਨਾ ਉਹ ਦਰਵਾਜ਼ੇ ਦੇ ਅੰਦਰ ਮਰ ਸਕਦਾ ਸੀ ਅਤੇ ਨਾ ਬਾਹਰ ਅਤੇ ਨਾ ਕਿਸੇ ਹਥਿਆਰ ਨਾਲ ਮਰ ਸਕਦਾ ਸੀ। ਇਸੇ ਰਹਿਮਤ ਨੇ ਹਿਰਨਾਕਸ਼ਅਪ ਨੂੰ ਹੰਕਾਰੀ ਬਣਾ ਦਿੱਤਾ ਅਤੇ ਉਹ ਲੋਕਾਂ ਤੋਂ ਆਪਣੀ ਬੰਦਗੀ ਕਰਨ ਦੀ ਮੰਗ ਕਰਨ ਲੱਗਿਆ। ਭਗਤ ਪ੍ਰਹਿਲਾਦ ਆਪਣੀ ਮਾਂ ਕਾਇਆਧੂ ਦੀ ਦੇਖਰੇਖ ਵਿੱਚ ਕਦਰਾਂ-ਕੀਮਤਾਂ ਨਾਲ ਪਾਲ਼ਿਆ ਸੀ ਅਤੇ ਉਨ੍ਹਾਂ ਨੇ ਆਪਣੇ ਬਾਪ ਦੀ ਮੰਗ ਮੰਨਣ ਤੋਂ ਇਨਕਾਰ ਕਰ ਦਿੱਤਾ। ਹਿਰਨਾਕਸ਼ਅਪ ਨੂੰ ਬਹੁਤ ਗੁੱਸਾ ਆਇਆ ਅਤੇ ਉਸ ਨੇ ਆਪਣੀ ਭੈਣ ਹੋਲੀਕਾ ਨਾਲ ਰਲ਼ ਕੇ ਵਿਓਂਤ ਬਣਾਈ ਜਿਸ ਨੂੰ ਅੱਗ ਵਿੱਚ ਨਾ ਜਲ਼ਣ ਦਾ ਵਰਦਾਨ ਮਿਲਿਆ ਹੋਇਆ ਸੀ। ਜਦੋਂ ਹੋਲੀਕਾ ਪ੍ਰਹਿਲਾਦ ਨੂੰ ਲੈ ਕੇ ਬਲਦੇ ਅੰਗੀਠੇ ਵਿੱਚ ਪਹੁੰਚੀ ਤਾਂ ਉਹ ਫ਼ਨਾਹ ਹੋ ਗਈ ਅਤੇ ਪ੍ਰਹਿਲਾਦ ਨੂੰ ਸੇਕ ਤੱਕ ਨਾ ਲੱਗਿਆ। ਇਸ ਤੋਂ ਬਾਅਦ ਵਰਦਾਨ ਦੀਆਂ ਸਾਰੀਆਂ ਸ਼ਰਤਾਂ ਤੋਂ ਕੰਨੀ ਕਤਰਾ ਕੇ ਨਰਸਿੰਘ ਨੇ ਨੀਮ ਮਨੁੱਖ, ਨੀਮ ਪਸ਼ੂ ਦੇ ਰੂਪ ਵਿੱਚ ਰਾਜਾ ਹਿਰਨਾਕਸ਼ਅਪ ਨੂੰ ਖ਼ਤਮ ਕਰ ਦਿੱਤਾ। ਨੇਕੀ ਦੀ ਬਦੀ ਉੱਤੇ ਜਿੱਤ ਦੇ ਜਸ਼ਨ ਵਜੋਂ ਹਿੰਦੂ ਰੰਗਾਂ ਦਾ ਤਿਓਹਾਰ ਹੋਲੀ ਮਨਾਉਂਦੇ ਹਨ।

ਗੁਰੂ ਨਾਨਕ ਅਤੇ ਭਗਤ ਪ੍ਰਹਿਲਾਦ ਦੇ ਸਮਿਆਂ ਵਿੱਚ ਸਦੀਆਂ ਦੀ ਵਿੱਥ ਹੈ ਪਰ 'ਜਨਮਸਾਖੀ' ਕਲਾ ਕਿਰਤਾਂ ਵਿੱਚ ਦੋਵਾਂ ਨੂੰ ਗੋਸ਼ਟਿ ਕਰਦੇ ਦਿਖਾਇਆ ਗਿਆ ਹੈ। ਮੇਰੀ ਨਿਮਾਣੀ ਰਾਇ ਵਿੱਚ ਇਹ ਕਲਾ ਕਿਰਤਾਂ ਗੁਰੂ ਨਾਨਕ ਅਤੇ ਭਗਤ ਪ੍ਰਹਿਲਾਦ ਦੀ ਫ਼ਲਸਫ਼ੀ ਸਾਂਝ ਦੀ ਨੁਮਾਇੰਦਗੀ ਕਰਦੀਆਂ ਹਨ।

**ਅਮਰਦੀਪ ਸਿੰਘ:** ਗੁਰੂ ਨਾਨਕ ਨੇ ਪ੍ਰਹਿਲਾਦ ਦੀ ਸ਼ਰਧਾ ਦੇ ਮੂਲ ਦਾ ਜ਼ਿਕਰ ਬਾਣੀ ਵਿੱਚ ਕੀਤਾ ਹੈ,

ਦੁਰਮਤਿ ਹਰਣਾਖਸੁ ਦੁਰਾਚਾਰੀ॥
ਪ੍ਰਭੁ ਨਾਰਾਇਣੁ ਗਰਬ ਪ੍ਰਹਾਰੀ॥

---

ਪ੍ਰਹਲਾਦ ਉਧਾਰੇ ਕਿਰਪਾ ਧਾਰੀ॥
(ਰਾਗ ਗਉੜੀ, ਗੁਰੂ ਨਾਨਕ)

ਦੁਰਮੱਤੀ ਹਿਰਨਾਕਸ਼ਅਪ (ਹਉਮੈ) ਨੇ ਦੁਰਾਚਾਰ ਕੀਤੇ।
ਰੂਹਾਨੀ ਪੱਖੋਂ ਰੌਸ਼ਨ-ਖ਼ਿਆਲੀ ਨੇ ਹੰਕਾਰ ਦਾ ਵਿਨਾਸ਼ ਕੀਤਾ।
ਪ੍ਰਹਿਲਾਦ (ਨੇਕੀ) ਨੇ ਕਿਰਪਾ ਧਾਰੀ ਤਾਂ ਉਸ ਦਾ ਉਧਾਰ ਹੋ ਗਿਆ।
(ਰਾਗ ਗਉੜੀ, ਗੁਰੂ ਨਾਨਕ)

ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਮੁਲਤਾਨ ਤੋਂ ਦੱਖਣ ਵਾਲੇ ਪਾਸੇ ਨੂੰ ਚਿਨਾਬ ਨਦੀ ਵਿੱਚੋਂ ਉੱਚ ਜਾਣ ਲਈ ਸਫ਼ਰ ਕੀਤਾ।

ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਹੁਣ ਅਸੀਂ ਉੱਚ ਜਾ ਰਹੇ ਹਾਂ।

ਯੂਨਾਨੀ ਰਾਜੇ ਅਲੈਗਜ਼ੈਂਡਰ ਨੇ ਤਿੰਨ ਸੌ ਪੱਚੀ ਈਸਵੀ ਪੂਰਵ ਅਲੈਗਜ਼ੈਂਡਰੀਆ ਨਾਮ ਦੇ ਸ਼ਹਿਰ ਦਾ ਮੁੱਢ ਬੰਨ੍ਹਿਆ। ਮੰਨਿਆ ਜਾਂਦਾ ਹੈ ਕਿ ਪਹਿਲਾਂ ਉੱਚ ਸ਼ਹਿਰ ਦਾ ਨਾਮ ਹੀ ਅਲੈਗਜ਼ੈਂਡਰੀਆ ਸੀ। ਸੱਤਵੀਂ ਸਦੀ ਵਿੱਚ ਮਰਕਜ਼ੀ ਏਸ਼ੀਆ ਦੇ ਹਮਲਾਵਰਾਂ ਦੀ ਇਸ ਇਲਾਕੇ ਉੱਤੇ ਜਿੱਤ ਤੋਂ ਬਾਅਦ ਉੱਚ ਸੂਫ਼ੀ ਸੰਤਾਂ ਦੀ ਖਿੱਚ ਦਾ ਮਰਕਜ਼ ਬਣ ਗਿਆ। ਇਸ ਲਈ ਇਹ ਸ਼ਹਿਰ ਉੱਚ ਸ਼ਰੀਫ਼ ਵਜੋਂ ਵੀ ਜਾਣਿਆ ਜਾਂਦਾ ਹੈ।

**ਅਮਰਦੀਪ ਸਿੰਘ:** ਉੱਚ ਸ਼ਹਿਰ ਪੰਜਾਬ ਦੇ ਧੁਰ ਦੱਖਣ ਵਿੱਚ ਹੈ। ਬਾਰ੍ਹਵੀਂ ਸਦੀ ਵਿੱਚ ਇਸ ਨੂੰ ਦੇਓਗੜ੍ਹ ਕਿਹਾ ਜਾਂਦਾ ਸੀ ਜਿਸ ਦਾ ਮਾਅਨਾ ਦੇਵਤਿਆਂ ਦਾ ਗੜ੍ਹ ਹੈ। ਹੁਣ ਇਹ ਸ਼ਹਿਰ ਸੂਫ਼ੀ ਸੰਤਾਂ ਦੀਆਂ ਇਤਿਹਾਸਕ ਦਰਗਾਹਾਂ ਲਈ ਮਸ਼ਹੂਰ ਹੈ।

ਉੱਚ ਵਿੱਚ ਅਸੀਂ ਬਾਰ੍ਹਵੀਂ ਸਦੀ ਦੇ ਸੂਫ਼ੀ ਸੰਤ ਸ਼ੇਖ਼ ਜਲਾਲੂਦੀਨ ਬੁਖ਼ਾਰੀ ਦੀ ਦਰਗਾਹ ਉੱਤੇ ਜਾ ਰਹੇ ਹਾਂ। ਉਹ ਉਜ਼ਬੈਕਿਸਤਾਨ ਵਿੱਚ ਬੁਖ਼ਾਰਾ ਦੇ ਮੂਲ ਵਾਸੀ ਸਨ। ਉਹ ਇਸਲਾਮ ਦੇ ਪ੍ਰਚਾਰਕ ਸਨ ਅਤੇ ਲਾਲ ਕੱਪੜੇ ਪਾਉਣ ਕਾਰਨ ਸੁਰਖ਼ਪੋਸ਼ ਵਜੋਂ ਜਾਣੇ ਜਾਂਦੇ ਸਨ। ਉਹ ਹਰ ਜਮਾਤ, ਲਿੰਗ ਅਤੇ ਮਨੌਤਾਂ ਵਾਲੇ ਲੋਕਾਂ ਵਿੱਚ ਮਕਬੂਲ ਸਨ। ਕਿਹਾ ਜਾਂਦਾ ਹੈ ਕਿ ਉਨ੍ਹਾਂ ਦੇ ਨਾਮੀ ਸ਼ਗਿਰਦਾਂ ਵਿੱਚ ਲਾਲ ਦੇਦ ਸ਼ਾਮਿਲ ਸੀ। ਕਸ਼ਮੀਰ ਵਿੱਚ ਲਾਲ ਦੇਦ ਨੂੰ ਹਿੰਦੂਆਂ ਅਤੇ ਮੁਸਲਮਾਨਾਂ ਦੀ ਸਰਪ੍ਰਸਤ ਸੰਤ ਮੰਨਿਆ ਜਾਂਦਾ ਹੈ ਜਿਸ ਨੇ ਲਿੰਗ ਅਤੇ ਮਜ਼ਹਬ ਨਾਲ ਜੁੜੇ ਸਮਾਜਿਕ ਵਿਤਕਰੇ ਨੂੰ ਤੋੜਿਆ। ਲਾਲ ਦੇਦ ਨੇ ਸੂਫ਼ੀਵਾਦ, ਇਸਲਾਮ, ਸ਼ੈਵ ਮਤ ਅਤੇ ਬੁੱਧ ਮਤ ਦੀਆਂ ਸਾਂਝੀਆਂ ਕੰਨੀਆਂ ਨਾਲ ਸਾਂਝ ਪਾਈ।

**ਅਮਰਦੀਪ ਸਿੰਘ:** ਤੇਰ੍ਹਵੀਂ ਸਦੀ ਵਿੱਚ ਮਸ਼ਹੂਰ ਸੂਫ਼ੀ ਸੰਤ ਸੱਯਦ ਜਲਾਲੂਦੀਨ ਬੁਖ਼ਾਰੀ ਉੱਚ ਆ ਗਏ ਅਤੇ ਇੱਥੇ ਟਿਕਾਣਾ ਕਰ ਲਿਆ। ਉਹ ਉੱਚ ਸ਼ਰੀਫ਼ ਦੀ ਇਸ ਦਰਗਾਹ ਵਿੱਚ ਦਫ਼ਨ ਹਨ। ਜਦੋਂ ਗੁਰੂ ਨਾਨਕ ਅਤੇ ਭਾਈ ਮਰਦਾਨਾ ਉੱਚ ਆਏ ਸਨ ਤਾਂ ਇਸ ਦਰਗਾਹ ਦੇ ਮਖ਼ਦੂਮ ਨੇ ਉਨ੍ਹਾਂ ਦਾ ਸੁਆਗਤ ਕੀਤਾ ਜਿਨ੍ਹਾਂ ਦਾ ਨਾਮ ਹਾਜੀ ਸ਼ੇਖ਼ ਅਬਦੁਲ ਬੁਖ਼ਾਰੀ ਸੀ।

ਇਸ ਸਲ੍ਹਾਬੇ ਕਮਰੇ ਵਿੱਚ ਸੱਯਦ ਜਲਾਲੂਦੀਨ ਬੁਖ਼ਾਰੀ ਦੀ ਕਬਰ ਹੈ ਇਸ ਦਾ ਅੰਦਰਲਾ ਪਾਸਾ ਦਿਲਕਸ਼ ਹੈ। ਸ਼ਤੀਰਾਂ ਉੱਤੇ ਹਮਵਾਰ ਛੱਤ ਹੈ ਜਿਸ ਉੱਤੇ ਬਰੀਕ ਲਹਿਰੀਆਂ ਦੀ ਨਕਾਸ਼ੀ ਕੀਤੀ ਗਈ ਹੈ। ਕੰਧਾਂ ਉੱਤੇ ਸਜਾਵਟੀ ਪੱਥਰ ਲੱਗਿਆ ਹੋਇਆ ਹੈ ਅਤੇ ਛੱਤ ਉੱਤੇ ਹੱਥ ਨਾਲ ਫੁੱਲ-ਬੂਟਿਆਂ ਦੀ ਚਿੱਤਰਕਾਰੀ ਕੀਤੀ ਹੋਈ ਹੈ ਅਤੇ ਸੁਨਹਿਰੀ ਰੋਗਨ ਵਿੱਚ ਰੇਖਾਵੀਂ ਲਹੀਰੀਏ ਬਣੇ ਹੋਏ ਹਨ। ਇਹ ਕਮਰਾ ਹੋਰ ਸੰਤਾਂ ਅਤੇ ਸੂਫ਼ੀ ਸੰਤ ਜਲਾਲੂਦੀਨ ਬੁਖ਼ਾਰੀ ਦੇ ਰਿਸ਼ਤੇਦਾਰਾਂ ਦੀਆਂ ਕਬਰਾਂ ਨਾਲ ਭਰਿਆ ਪਿਆ ਹੈ। ਇੰਝ ਜਾਪਦਾ ਹੈ ਜਿਵੇਂ ਉਹ ਹਾਲੇ ਵੀ ਮਜਲਿਸ ਕਰ ਰਹੇ ਹੋਣ।

ਕਈ ਸਿੱਖ ਲੇਖਕਾਂ ਨੇ ਦਰਜ ਕੀਤਾ ਹੈ ਕਿ ਉੱਚ ਦੇ 'ਮਖ਼ਦੂਮ' ਕੋਲ ਗੁਰੂ ਨਾਨਕ ਦੀਆਂ ਨਿਸ਼ਾਨੀਆਂ ਹਨ।

ਅਸੀਂ ਸੱਯਦ ਜ਼ਮੁਰਦ ਹੁਸੈਨ ਅਲ ਹੁਸੈਨੀ ਦੇ ਘਰ ਜਾ ਰਹੇ ਹਾਂ ਜੋ ਇਸ ਵੇਲੇ ਸੱਯਦ ਜਲਾਲੂਦੀਨ ਬੁਖ਼ਾਰੀ ਦੀ ਦਰਗਾਹ ਦੇ 'ਮਖ਼ਦੂਮ' ਹਨ।

**ਸੱਯਦ ਜ਼ਮਰੁਦ ਹੁਸੈਨ ਅਲ ਹੁਸੈਨੀ:** ਮੈਂ ਸਰਕਾਰਿ-ਆਕਾ ਸੁਰਖ਼ਪੋਸ਼ ਬੁਖ਼ਾਰੀ ਦੀ ਦਰਗਾਹ ਵਿੱਚ ਉਨ੍ਹਾਂ ਦੀ ਖ਼ਿਦਮਤ ਵਿੱਚ ਝਾੜੂ-ਬਰਦਾਰ ਹਾਂ, ਉਸ ਸ਼ਹਿਨਸ਼ਾਹ ਦਾ। ਆਕਾ-ਏ-ਮਖ਼ਦੂਮਿ-ਜਹਾਨੀਇ ਜਹਾਨਗਸ਼ਤ ਦੇ ਦੌਰ ਵਿੱਚ ਹਜ਼ਰਤ ਬਾਬਾ ਗੁਰੂ ਨਾਨਕ ਸਾਹਿਬ ਤਸ਼ਰੀਫ ਲਿਆਏ ਸਨ। ਉਨ੍ਹਾਂ ਨੇ ਸਾਡੇ ਦਾਦਾ ਮਖ਼ਦੂਮਿ-ਜਹਾਨੀਇ-ਜਹਾਨਗਸ਼ਤ ਅੱਲਾਹਿ-ਰਹਿਮਤ ਨੂੰ ਆਪਣਾ ਗ੍ਰੰਥ ਪੇਸ਼ ਕੀਤਾ।

**ਸੱਯਦ ਜ਼ਮਰੁਦ ਹਸਨ ਜ਼ਮਰੁਦ ਬੁਖ਼ਾਰੀ:** ਉਨ੍ਹਾਂ ਨੇ ਸਾਡੇ ਦਾਦਾ ਨੂੰ ਆਪਣੀਆਂ ਖੜਾਵਾਂ, ਕੰਠੇ ਅਤੇ ਇਹ ਕਿਤਾਬ ਪੇਸ਼ ਕੀਤੀ ਜੋ ਨਸਲ ਦਰ ਨਸਲ ਸਾਡੇ ਨਾਲ ਚਲ ਰਹੀ ਹੈ। ਇਹ ਸਾਡੇ ਕੋਲ ਮੌਜੂਦ ਹੈ, ਇਹ ਉਹ ਕਿਤਾਬ ਹੈ। ਇਹ ਬਾਬਾ ਗੁਰੂ ਨਾਨਕ ਦੇ ਆਪਣੇ ਹੱਥੀਂ ਲਿਖਿਆ ਗ੍ਰੰਥ ਹੈ।

ਜਿਸ ਗ੍ਰੰਥ ਬਾਰੇ ਗੁਰੂ ਨਾਨਕ ਦਾ 'ਮਖ਼ਦੂਮਾਂ' ਨੂੰ ਦਿੱਤਾ ਤੋਹਫ਼ਾ ਹੋਣ ਦਾ ਦਾਵਾ ਹੈ ਉਸ ਉੱਤੇ ਜ਼ਰਾ ਨੀਝ ਲਗਾਇਆਂ ਪਤਾ ਲੱਗਿਆ ਕਿ ਇਹ 'ਸੁਖਮਣੀ ਸਾਹਿਬ' ਦਾ ਛਾਪੇਖ਼ਾਨੇ ਤੋਂ ਛਪਿਆ ਗੁਟਕਾ ਹੈ ਜੋ ਗੁਰੂ ਅਰਜਨ ਦੇਵ ਜੀ ਦੀ ਰਚਨਾ ਹੈ। ਦਾਵਾ ਕੀਤੀਆਂ ਗਈਆਂ ਹੋਰ ਨਿਸ਼ਾਨੀਆਂ ਪੇਸ਼ ਨਹੀਂ ਕੀਤੀਆਂ ਗਈਆਂ।

ਹਾਂਲਾਕਿ ਇਨ੍ਹਾਂ ਨਿਸ਼ਾਨੀਆਂ ਦੀ ਕੋਈ ਇਤਿਹਾਸਕ ਅਹਿਮੀਅਤ ਨਹੀਂ ਹੈ ਪਰ ਇਹ ਨਿਸ਼ਾਨੀਆਂ ਉਹ ਜ਼ਰੀਆ ਹਨ ਜਿਸ ਰਾਹੀਂ ਉੱਚ ਦੇ ਮਖ਼ਦੂਮਾਂ ਨੇ ਗੁਰੂ ਨਾਨਕ ਨਾਲ ਆਪਣਾ ਸੰਗ ਜੋੜੀ ਰੱਖਿਆ ਹੈ।

ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥
(ਸਿਰੀ ਰਾਗ, ਗੁਰੂ ਨਾਨਕ)

ਸੱਚ ਸਭ ਤੋਂ ਵੱਡਾ ਹੈ ਪਰ ਸੱਚਾ ਆਚਾਰ ਇਸ ਤੋਂ ਵੀ ਉੱਪਰ ਹੈ।
(ਸਿਰੀ ਰਾਗ, ਗੁਰੂ ਨਾਨਕ)

ਮਨੁੱਖ ਆਪਣੇ-ਆਪ ਨਾਲ ਸੱਚਾ ਹੋ ਕੇ ਹੀ ਦੂਜਿਆਂ ਨਾਲ ਸੱਚਾ ਹੋ ਸਕਦਾ ਹੈ। ਗੁਰੂ ਨਾਨਕ ਨੇ ਦ੍ਰਿੜਾਇਆ ਕਿ ਸੱਚ ਉੱਚਾ ਹੈ ਪਰ ਸੁੱਚੇ ਕਿਰਦਾਰ ਦੀ ਜ਼ਿੰਦਗੀ ਜਿਉਂਣਾ ਸਰਵੋਤਮ ਹੈ।

ਗੁਰੂ ਨਾਨਕ ਅਤੇ ਭਾਈ ਮਰਦਾਨਾ ਜਦੋਂ ਹਾਜੀ ਸ਼ੇਖ਼ ਅਬਦੁਲ ਬੁਖ਼ਾਰੀ ਦੇ ਮਹਿਮਾਨ ਸਨ ਤਾਂ ਮੁਲਤਾਨ ਵਿੱਚ ਸ਼ੇਖ਼ ਬਹਾ-ਉਦ-ਦੀਨ ਜ਼ਕਰੀਆ ਦੀ ਮਜ਼ਾਰ ਦੇ ਮਖ਼ਦੂਮ ਬਹਾਵਦੀ ਵੀ ਉੱਚ ਪਹੁੰਚੇ। ਦੋਵਾਂ 'ਮਖ਼ਦੂਮਾਂ' ਨੇ 'ਹੱਜ' ਕਰਨ ਲਈ ਮੱਕਾ ਜਾਣ ਦਾ ਫ਼ੈਸਲਾ ਕੀਤਾ। ਗੁਰੂ ਨਾਨਕ ਅਤੇ ਭਾਈ ਮਰਦਾਨਾ ਵੀ ਉੱਚ ਤੋਂ ਉਨ੍ਹਾਂ ਨਾਲ ਕਿਸ਼ਤੀ ਉੱਤੇ ਸਵਾਰ ਹੋ ਗਏ। ਚਿਨਾਬ ਅਤੇ ਸਿੰਧੂ ਨਦੀਆਂ ਰਾਹੀਂ ਹੁੰਦੇ ਹੋਏ ਉਹ ਸਿੰਧ ਵਿੱਚ ਸੱਖਰ ਪਹੁੰਚੇ।

ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਹੁਣ ਅਸੀਂ ਉੱਚ ਤੋਂ ਸੱਖਰ ਜਾ ਰਹੇ ਹਾਂ।

**ਅਮਰਦੀਪ ਸਿੰਘ:** ਸਿੰਧ ਸਮੁੰਦਰੀ ਅਤੇ ਥਲ ਰਾਹਾਂ ਦੇ ਚੌਰਾਹਿਆਂ ਵਿੱਚ ਪੈਂਦਾ ਹੈ। ਇਹ ਪਾਕਿਸਤਾਨ ਵਿੱਚ ਪੰਜਾਬ ਅਤੇ ਬਲੋਚਿਸਤਾਨ ਨਾਲ ਲਗਦਾ ਹੈ ਅਤੇ ਇੰਡੀਆ ਵਿੱਚ ਰਾਜਸਥਾਨ ਅਤੇ ਗੁਜਰਾਤ ਨਾਲ ਲਗਦਾ ਹੈ। ਇਤਿਹਾਸਕ ਤੌਰ ਉੱਤੇ ਤਹਿਜ਼ੀਬਾਂ, ਸੱਭਿਆਤਾਵਾਂ, ਮਜ਼ਹਬਾਂ ਅਤੇ ਫ਼ਲਸਫ਼ਿਆਂ ਦਾ ਸਿੰਧ ਵਿੱਚ ਮੇਲ਼ ਹੁੰਦਾ ਹੈ। ਸ਼ਾਇਦ ਗੁਰੂ ਨਾਨਕ ਦੇ ਇੱਥੇ ਆਉਣ ਦਾ ਕਾਰਨ ਵੀ ਇਹੋ ਰਿਹਾ ਹੋਵੇਗਾ ਕਿ ਵੱਖ-ਵੱਖ ਤਹਿਜ਼ੀਬਾਂ ਅਤੇ ਮਜ਼ਹਬਾਂ ਨਾਲ ਸੰਵਾਦ ਕੀਤਾ ਜਾਵੇ।

ਮੋਹਿੰਜੋਦੜੋ ਦੀ ਸੱਭਿਅਤਾ ਲਈ ਮਸ਼ਹੂਰ ਸਿੰਧ ਦਾ ਨਾਮ ਸਿੰਧੂ ਨਦੀ ਦੀ ਨੇੜਤਾ ਕਾਰਨ ਪਿਆ ਹੈ। ਇਸ ਨੂੰ ਇੰਡਸ ਵੀ ਕਹਿੰਦੇ ਹਨ।

ਸਦੀਆਂ ਤੱਕ ਬੁੱਧ ਅਤੇ ਹਿੰਦੂ ਧਰਮ ਇਸ ਇਲਾਕੇ ਦਾ ਅਨਿੱਖੜਵਾਂ ਹਿੱਸਾ ਸਨ। ਬਾਅਦ ਵਿੱਚ ਸੂਫ਼ੀਵਾਦ ਵੀ ਇੱਥੇ ਖਿੜਿਆ। ਇਤਿਹਾਸਕ ਤੌਰ ਉੱਤੇ ਸਿੰਧ ਵਾਸੀਆਂ
ਨੂੰ ਰਲ਼ੇ-ਮਿਲੇ ਮਜ਼ਹਬ ਲਈ ਜਾਣਿਆ ਜਾਂਦਾ ਹੈ।

ਗੁਰੂ ਨਾਨਕ ਦਾ ਕਾਇਨਾਤੀ ਬਰਾਦਰੀ ਅਤੇ ਵਹਿਦਤ ਦਾ ਸੁਨੇਹਾ ਸਿੰਧ ਦੀ ਸਮਾਜਿਕ-ਮਜ਼ਹਬੀ ਜ਼ਿੰਦਗੀ ਵਿੱਚ ਡੂੰਘਾ ਰਚ ਗਿਆ। ਗੁਰੂ ਨਾਨਕ ਦਾ ਫ਼ਲਸਫ਼ਾ ਇਲਾਕੇ ਦੇ ਲੋਕਾਂ ਦੇ ਦਿਲਾਂ ਨੂੰ ਟੁੰਭ ਗਿਆ ਜਿਨ੍ਹਾਂ ਵਿੱਚ ਬੁਨਿਆਦੀ ਤੌਰ ਉੱਤੇ ਹਿੰਦੂ ਪਿਛੋਕੜ ਵਾਲੇ ਸਨ ਜੋ ਬਾਅਦ ਵਿੱਚ 'ਨਾਨਕਪੰਥੀ' ਵਜੋਂ ਜਾਣੇ ਗਏ।

ਅਸੀਂ ਸੱਖਰ ਵਿੱਚ ਸਿੰਧ ਨਦੀ ਵਿੱਚ ਇੱਕ ਟਾਪੂ ਉੱਤੇ ਬਣੇ ਇਤਿਹਾਸਕ 'ਨਾਨਕਪੰਥੀ' ਮੰਦਿਰ ਜਾ ਰਹੇ ਹਾਂ ਜੋ ਸਾਧੂ ਬੇਲਾ ਵਜੋਂ ਜਾਣਿਆ ਜਾਂਦਾ ਹੈ।

**ਅਮਰਦੀਪ ਸਿੰਘ:** ਸਿੰਧ ਦੀ ਰਹੱਸਵਾਦੀ ਧਰਤੀ ਮੈਨੂੰ ਹਮੇਸ਼ਾ ਖਿੱਚ ਪਾਉਂਦੀ ਹੈ ਕਉਂਕੀ ਇਥੇ ਮਜ਼ਹਬਾ ਦਾ ਮਿਲਾਪ ਹੁੰਦਾ ਹੈ। ਕੋਈ ਹਿੰਦੂ ਹੋਵੇ, ਸੂਫ਼ੀ ਹੋਵੇ ਜਾਂ ਸਿੱਖ, ਸਭ ਇੱਕ ਹੋ ਜਾਂਦੇ ਹਨ।

ਸਾਧੂ ਬੇਲਾ ਮੰਦਿਰ ਦੀਆਂ ਕੰਧਾਂ ਉੱਤੇ ਨਕਸ਼ ਗੁਰੂ ਨਾਨਕ ਦੀ ਬਾਣੀ ਇਸ ਇਲਾਕੇ ਵਿੱਚ ਉਨ੍ਹਾਂ ਦੇ ਫ਼ਲਸਫ਼ੇ ਦੇ ਅਸਰ ਦੀ ਗਵਾਹੀ ਭਰਦੀ ਹੈ।

ਮੰਦਿਰ ਦੇ ਗਰਭ-ਗ੍ਰਹਿ ਵਿੱਚ ਭਾਗਵਤ ਗੀਤਾ ਅਤੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੈ। ਕੰਧਾਂ ਉੱਤੇ ਸਿੱਖ ਗੁਰੂਆਂ ਅਤੇ ਹਿੰਦੂ ਦੇਵਤਿਆਂ ਦੀਆਂ ਤਸਵੀਰਾਂ ਸਜੀਆਂ ਹਨ।

ਮੰਦਿਰ ਦੇ ਸੇਵਾਦਾਰ ਨੇ ਸਾਡਾ ਨਿੱਘਾ ਸੁਆਗਤ ਕੀਤਾ ਅਤੇ ਸਾਡੇ ਲਈ ਗੁਰੂ ਗ੍ਰੰਥ ਸਾਹਿਬ ਦੇ ਸ਼ਬਦ ਪੜ੍ਹੇ।

**ਸੇਵਾਦਾਰ:**

ਦਇਆ ਮਇਆ ਕਿਰਪਾ ਨਾਨਕ ਕਉ ਸੁਨਿ ਸੁਨਿ ਜਸੁ ਜੀਵਾਉ॥

ਨਾਨਕ ਦਇਆ, ਦਿਲਕਸ਼ੀ ਅਤੇ ਰਹਿਮਦਿਲੀ ਦੀ ਆਰਜ਼ੂ ਕਰਦੇ ਹਨ। ਸਿਰਜਣਹਾਰ ਦਾ ਜਸ ਸੁਣਦੇ ਅਤੇ ਮਾਣਦੇ ਹੋਏ ਜੀਵਨ ਵਸਰ ਕਰਦੇ ਹਨ।

ਸਤਿਨਾਮ ਸ੍ਰੀ ਵਾਹਿਗੁਰੂ।
ਬੋਲੋ ਗੁਰੂ ਨਾਨਕ ਸਾਹਿਬ ਕੀ ਜੈ।

ਸਾਧੂ ਬੇਲਾ ਮੰਦਿਰ ਸਿੰਧੀ ਬਰਾਦਰੀ ਦੇ ਅਮੀਰ ਮਿਜ਼ਾਜ ਦੀ ਝਲਕ ਦਿੰਦਾ ਹੈ।

**ਅਮਰਦੀਪ ਸਿੰਘ:** ਗੁਰੂ ਨਾਨਕ ਦੇ ਸਿੰਧ ਵਿੱਚ ਸੱਖਰ ਆਉਣ ਦੀ ਯਾਦ ਵਿੱਚ ਨਾਨਕਪੰਥੀ ਉਦਾਸੀ ਸਾਧੂਆਂ ਨੇ ਸਿੰਧੂ ਨਦੀ ਦੇ ਵਿਚਕਾਰ ਸਾਧੂ ਬੇਲਾ ਮੰਦਿਰ ਬਣਾਇਆ ਸੀ। ਨਾਨਕਪੰਥੀ ਸਾਧੂ ਗੁਰੂ ਨਾਨਕ ਦੇ ਫ਼ਲਸਫ਼ੇ ਵਿੱਚ ਯਕੀਨ ਰਖਦੇ ਹਨ।

ਨੇਪਾਲ ਤੋਂ ਇੱਕ ਨਾਨਕਪੰਥੀ, ਬਨਖੰਡੀ ਸਾਧੂ ਨੇ ਅਠਾਰਾਂ ਸੌ ਤੇਈ ਈਸਵੀ ਵਿੱਚ ਗੁਰੂ ਨਾਨਕ ਦੇ ਵਹਿਦਤ ਦੇ ਸੁਨੇਹੇ ਦਾ ਪ੍ਰਚਾਰ ਕਰਨ ਲਈ ਸੱਖਰ ਵਿਖੇ ਟਿਕਾਣਾ ਕਰ ਲਿਆ। ਸੰਗਮਰਮਰ ਦੀ ਸਿੱਲ ਉੱਤੇ ਗੁਰੂ ਗ੍ਰੰਥ ਸਾਹਿਬ ਵਿੱਚੋਂ ਗੁਰੂ ਨਾਨਕ ਦੀ ਬਾਣੀ ਦੇ ਨਾਲ ਬਨਖੰਡੀ ਸਾਧੂ ਦੀ ਯਾਦ ਵੀ ਉਕਰੀ ਹੋਈ ਹੈ।

**ਅਮਰਦੀਪ ਸਿੰਘ:**

ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ॥
ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥
(ਗੁਰੂ ਨਾਨਕ)

ਜੇ ਮੈਂ ਮੋਤੀਆਂ ਦਾ ਮੰਦਿਰ ਬਣਾਵਾਂ, ਉਸ ਉੱਤੇ ਰਤਨ ਜੜ੍ਹਾਵਾਂ,
ਉਸ ਵਿੱਚ ਕਸਤੂਰੀ, ਕੇਸਰ ਅਤੇ ਚੰਦਨ ਦਾ ਲੇਪ ਕਰਾਂ ਤਾਂ ਨਜ਼ਾਰਾ ਬਣ ਜਾਵੇ।

---

ਇਹ ਨਜ਼ਾਰਾ ਲੈਣ ਲਈ ਮੈਂ ਆਪਣੇ ਰਾਹ ਤੋਂ ਭਟਕ ਕੇ ਉਸ ਦਾ ਨਾਮ ਲੈਣ ਤੋਂ ਵਾਂਝਾ ਨਾ ਹੋ ਜਾਵਾ।
(ਗੁਰੂ ਨਾਨਕ)

ਦਿਲਚਸਪ ਪੱਖ ਸਾਡੇ ਧਿਆਨ ਵਿੱਚ ਆਇਆ ਕਿ ਇਤਿਹਾਸਕ ਨਕਾਸ਼ੀ ਨਾਲ ਛੇੜਛਾੜ ਕੀਤੀ ਗਈ ਸੀ। ਸੰਗਮਰਮਰ ਦੀ ਸਿੱਲ ਉੱਤੇ ਨਕਾਸ਼ੀ ਵਿੱਚ ਮੂਲ ਰੂਪ ਵਿੱਚ 'ਗੁਰੂ ਨਾਨਕ' ਲਿਖਿਆ ਹੋਇਆ ਸੀ ਜਿਸ ਦੇ ਉੱਤੇ ਰੰਗ ਨਾਲ 'ਗੁਰੂ ਸ਼੍ਰੀ ਚੰਦ' ਬਣਾ ਦਿੱਤਾ ਗਿਆ ਹੈ ਜੋ ਗੁਰੂ ਨਾਨਕ ਦੇ ਸਪੁੱਤਰ ਸਨ ਅਤੇ ਉਦਾਸੀ ਸੰਪਰਦਾਇ ਨਾਲ ਜੁੜੇ ਹੋਏ ਸਨ। ਇਸ ਤਰ੍ਹਾਂ ਇੱਕ ਨਾਮ ਮਿਟਾ ਕੇ ਦੂਜਾ ਨਾਮ ਲਿਖਣਾ ਉਨ੍ਹਾਂ ਸਮਾਜਿਕ-ਸਿਆਸੀ ਤਾਕਤਾਂ ਦੀ ਨਿਸ਼ਾਨਦੇਹੀ ਕਰਦਾ ਹੈ ਜੋ 'ਨਾਨਕਪੰਥੀਆਂ' ਦੀ ਵੰਨ-ਸਵੰਨਤਾ ਵਿੱਚ ਵੰਡੀ ਪਾਉਣਾ ਚਾਹੁੰਦੀਆਂ ਹਨ। ਇਹ ਵੰਨ-ਸਵੰਨਤਾ ਗੁਰੂ ਨਾਨਕ ਵਿੱਚ ਯਕੀਨ ਰੱਖਣ ਵਾਲਿਆਂ ਦਾ ਗੁਲਦਸਤਾ ਹੈ।

**ਅਮਰਦੀਪ ਸਿੰਘ:**

ੴ
ਪਉੜੀ
ਨਾਨਕੁ ਜਾਚੈ ਏਕੁ ਨਾਮੁ ਮਨਿ ਤਨਿ ਭਾਵੰਦਾ॥

ਕਾਇਨਾਤੀ ਸਿਰਜਣਹਾਰਾ ਇੱਕ ਹੈ।
ਪਉੜੀ
ਨਾਨਕ ਇੱਕ ਉੱਤੇ ਸੋਚ-ਵਿਚਾਰ ਕਰਨ ਦੀ ਲੋਚਾ ਰੱਖਦੇ ਹਨ ਜਿਸ ਨਾਲ ਤਨ ਅਤੇ ਮਨ ਖ਼ੁਸ਼ ਹੁੰਦੇ ਹਨ।

ਸਾਧੂ ਬੇਲਾ ਮੰਦਿਰ ਤੋਂ ਸਿੰਧੀ ਬਰਾਦਰੀ ਦੀ ਬੀਤੇ ਵੇਲੇ ਦੀ ਅਮੀਰ ਮਿੱਸੀ ਮਜ਼ਹਬੀ ਜ਼ਿੰਦਗੀ ਦਾ ਝਲਕਾਰਾ ਮਿਲਦਾ ਹੈ। ਮੰਦੇਭਾਗੀਂ, ਉੱਨੀ ਸੌ ਸੰਤਾਲੀ ਵਿੱਚ ਮਜ਼ਹਬੀ ਬੁਨਿਆਦ ਉੱਤੇ ਹੋਈ ਵੰਡ ਨਾਲ ਸਿੰਧ ਦੀ ਤਹਿਜ਼ੀਬ ਵਿੱਚ ਪਾੜਾ ਪੈ ਗਿਆ।

ਗ਼ੈਰ-ਮਹਿਫ਼ੂਜ਼ੀਅਤ ਅਕਲਮੰਦ ਸੋਚ ਉੱਤੇ ਭਾਰੂ ਪੈਂਦੀ ਹੈ ਅਤੇ ਬਰਾਦਰੀਆਂ ਵਿੱਚ ਬਦਇਤਫ਼ਾਕੀ ਪੈਦਾ ਕਰਦੀ ਹੈ।

ਭਉ ਮੁਚੁ ਭਾਰਾ ਵਡਾ ਤੋਲੁ॥
ਮਨ ਮਤਿ ਹਉਲੀ ਬੋਲੇ ਬੋਲੁ॥
(ਰਾਗ ਗਉੜੀ ਗੁਆਰੇਰੀ, ਗੁਰੂ ਨਾਨਕ)

ਭੈਅ ਪਿਛਲਪੈਰਾ ਹੈ ਅਤੇ ਬੋਝ ਪੱਖੋਂ ਬੇਇੰਤਹਾ ਭਾਰਾ ਹੈ।
ਇਹ ਦਾਨਿਸ਼ਮੰਦੀ ਨੂੰ ਨਿਗੂਣੇ ਬੋਲ ਬੋਲਣ ਲਈ ਭੜਕਾ ਦਿੰਦਾ ਹੈ।
(ਰਾਗ ਗਉੜੀ ਗੁਆਰੇਰੀ, ਗੁਰੂ ਨਾਨਕ)

ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਮੁਲਤਾਨ ਅਤੇ ਉੱਚ ਦੇ ਮਖ਼ਦੂਮਾਂ ਨਾਲ ਸੰਗ ਜੋੜਿਆ ਅਤੇ ਸੱਖਰ ਤੋਂ ਸ਼ਿਕਾਰਪੁਰ ਦਾ ਪੈਦਲ ਸਫ਼ਰ ਕੀਤਾ।

ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਹੁਣ ਅਸੀਂ ਸੱਖਰ ਤੋਂ ਸ਼ਿਕਾਰਪੁਰ ਜਾ ਰਹੇ ਹਾਂ।

ਅਸੀਂ ਸ਼ਿਕਾਰਪੁਰ ਵਿੱਚ ਦਾਦਾ ਰੇਵਾ ਚੰਦ ਦੀ ਰਿਹਾਇਸ਼ ਉੱਤੇ ਜਾ ਰਹੇ ਹਾਂ ਤਾਂ ਜੋ ਉਨ੍ਹਾਂ ਦੇ ਗੁਰੂ ਨਾਨਕ ਨਾਲ ਪਿਆਰ ਦਾ ਅਹਿਸਾਸ ਕਰ ਸਕੀਏ।

**ਦਾਦਾ ਰੇਵਾ ਚੰਦ:**

ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ ॥
ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥
ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ ॥
ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ ॥
(ਗੁਰੂ ਅਰਜਨ)

ਮੈਂ ਸਰਬ ਕਲਾ ਸਮਰੱਥ ਹਾਜ਼ਰਾ-ਹਜ਼ੂਰ ਦੀ ਅਨੇਕਾਂ ਵਾਰ ਡੰਡੌਤ ਬੰਦਨਾ ਕਰਦਾ ਹਾਂ।
ਹੇ ਪ੍ਰਭੂ, ਨਾਨਕ ਬੇਨਤੀ ਕਰਦਾ ਹੈ ਕਿ ਆਪ ਹੱਥ ਰੱਖੋ ਅਤੇ ਮੈਨੂੰ ਡੋਲਣ ਤੋਂ ਬਚਾਓ।
ਹੇ ਪ੍ਰਭੂ, ਮੈਂ ਆਲੇ-ਦੁਆਲੇ ਫਿਰ ਕੇ ਤੁਹਾਡੀ ਸ਼ਰਨ ਆਇਆ ਹਾਂ।
ਨਾਨਕ ਬੇਨਤੀ ਕਰਦੇ ਹਨ ਕਿ ਮੈਨੂੰ ਆਪਣੀ ਸੇਵਾ ਵਿੱਚ ਲਗਾ ਲਓ।
(ਗੁਰੂ ਅਰਜਨ)

ਮੁਕਾਮੀ ਲੋਕ, ਸਿੰਧੀ ਨਾਨਕਪੰਥੀ, ਗੁਰੂ ਨਾਨਕ ਨੂੰ ਬਹੁਤ ਮੰਨਦੇ ਹਨ। ਜਿਹੜੇ ਬਲੋਚੀ ਇਧਰ ਆਉਂਦੇ ਹਨ, ਉਨ੍ਹਾਂ ਵਿੱਚੋਂ ਸਾਡੀ ਬਰਾਦਰੀ ਵਾਲੇ, ਖ਼ਾਸ ਤੌਰ ਉੱਤੇ ਹਿੰਦੂ ਵੀ ਗੁਰੂ ਨਾਨਕ ਨੂੰ ਬਹੁਤ ਮੰਨਦੇ ਹਨ। ਸਾਡੇ ਇੱਥੇ ਮੰਦਿਰ ਭਾਵੇਂ ਕਿਸੇ ਮਜ਼ਹਬ ਦੇ ਹੋਣ, ਉਨ੍ਹਾਂ ਵਿੱਚ ਗੁਰੂ ਗ੍ਰੰਥ ਸਾਹਿਬ ਜ਼ਰੂਰ ਪ੍ਰਕਾਸ਼ ਹੈ। ਗੁਰੂ ਨਾਨਕ ਨੇ ਜੋ ਵੀ ਸੁਨੇਹਾ ਦਿੱਤਾ ਹੈ, ਉਹ ਪਿਆਰ ਦਾ ਦਿੱਤਾ ਹੈ, ਪਿਆਰ ਕਰੋ, ਨਿਮਰਤਾ ਰੱਖੋ।

ਮਨੁ ਮਾਇਆ ਮਨੁ ਧਾਇਆ ਮਨੁ ਪੰਖੀ ਆਕਾਸਿ॥
ਤਸਕਰ ਸਬਦਿ ਨਿਵਾਰਿਆ॥
(ਗੁਰੂ ਨਾਨਕ)

ਮਨ ਭਰਮ ਦੇ ਅਸਮਾਨ ਪੰਛੀ ਵਾਂਗ ਭਟਕਦਾ ਹੈ। ਸੰਸਾਰੀ ਦੌਲਤ ਇਕੱਠੀ ਕਰਨ ਦੀ ਇੱਛਾ ਵਿੱਚ।
ਸ਼ਬਦ ਦਾ ਵਿਵੇਕ, ਮਨ ਨੂੰ ਗੁੰਮਰਾਹ ਕਰਨ ਵਾਲੇ ਚੋਰਾਂ (ਇੰਦਰੀਆਂ) ਉੱਤੇ ਭਾਰੂ ਪਿਆ ਹੈ।
(ਗੁਰੂ ਨਾਨਕ)

(ਸਿੰਧੀ ਬੱਚੇ ਗੁਰੂ ਗ੍ਰੰਥ ਸਾਹਿਬ ਦੇ ਸ਼ਬਦਾਂ ਦਾ ਉਚਾਰਨ ਕਰਦੇ ਹੋਏ)

ਮੈਂ ਗੁਰੂ ਹਾਂ, ਨਾਥਾਂ ਦਾ।
ਨਾਨਕ ਸਾਡਾ ਨਾਮ ਹੈ।
(ਸਾਂਈ ਐਜਾਜ਼ ਸ਼ਾਹ ਰਸ਼ਦੀ)

ਅਸੀਂ ਸ਼ੰਕਰ ਆਨੰਦ ਭਾਰਤੀ ਦਰਬਾਰ ਜਾ ਰਹੇ ਹਾਂ ਜੋ ਗੁਰੂ ਨਾਨਕ ਦੇ ਸ਼ਿਕਾਰਪੁਰ ਆਉਣ ਦੀ ਯਾਦ ਵਿੱਚ ਬਣੇ ਪੁਰਾਤਨ ਅਸਥਾਨ ਵਿੱਚ ਸ਼ਾਮਿਲ ਹੈ।

ਗੁਰੂ ਵੀ ਮੈਂ ਹਾਂ, ਚੇਲਾ ਵੀ ਮੈਂ ਹਾਂ।
ਨਾਨਕ ਵੀ ਮੈਂ ਹਾਂ, ਸੱਚਲ ਵੀ ਮੈਂ ਹਾਂ।
ਨਾਥ ਵੀ ਮੈਂ ਹਾਂ, ਆਦਮ ਵੀ ਮੈਂ ਹਾਂ।
ਸ਼ਿਵ ਵੀ ਮੈਂ ਹਾਂ।
ਈਸਾ ਵੀ ਮੈਂ ਹਾਂ।
ਮੂਸਾ ਵੀ ਮੈਂ ਹਾਂ।
ਮੇਰੇ ਤੋਂ ਕੋਈ ਜੁਦਾ ਨਹੀਂ ਹੈ।
ਨਾਮ ਹੀ ਅਲਗ ਹਨ।
ਮੈਂ ਗੁਰੂ ਹਾਂ, ਨਾਥਾਂ ਦਾ।
ਨਾਨਕ ਸਾਡਾ ਨਾਮ ਹੈ।
(ਸਾਂਈ ਐਜਾਜ਼ ਸ਼ਾਹ ਰਸ਼ਦੀ)

**ਅਮਰਦੀਪ ਸਿੰਘ:** ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਕਈ ਦਿਨ ਸ਼ਿਕਾਰਪੁਰ ਵਿੱਚ ਗੁਜ਼ਾਰੇ। ਨਦੀ ਦੇ ਕਿਨਾਰੇ ਉਨ੍ਹਾਂ ਦੇ ਕਿਆਮ ਨੂੰ ਪੇਸ਼ ਕਰਦਾ ਇਹ ਚਿੱਤਰ ਸ਼ਿਕਾਰਪੁਰ ਦੇ ਸ਼ੰਕਰ ਆਨੰਦ ਭਾਰਤੀ ਦਰਬਾਰ ਵਿੱਚ ਲੱਗਿਆ ਹੋਇਆ ਹੈ। ਇਲਾਕੇ ਦੀਆਂ 'ਨਾਨਕਪੰਥੀ' ਬਰਾਦਰੀਆਂ ਲਈ ਇਹ ਮੰਦਿਰ ਪੂਜਾ ਦਾ ਸਾਂਝਾ ਅਸਥਾਨ ਹੈ।

ਸ਼ਿਕਾਰਪੁਰ ਤੋਂ ਗੁਰੂ ਨਾਨਕ ਅਤੇ ਭਾਈ ਮਰਦਾਨਾ ਵਾਪਸ ਸਿੰਧੂ ਨਦੀ ਵਾਲੇ ਪਾਸੇ ਨੂੰ ਪਰਤੇ। ਉਨ੍ਹਾਂ ਨੇ ਕਿਸ਼ਤੀ ਵਿੱਚ ਦੱਖਣ ਵਾਲੇ ਪਾਸੇ ਨੂੰ ਸਫ਼ਰ ਕੀਤਾ। ਉੱਚ ਅਤੇ ਮੁਲਤਾਨ ਦੇ ਮਖ਼ਦੂਮਾਂ ਨੇ ਮੱਕੇ ਵਾਲੇ ਪਾਸੇ ਨੂੰ ਪੈਦਲ ਚਾਲੇ ਪਾ ਦਿੱਤੇ।

ਸ਼ਿਕਾਰਪੁਰ ਤੋਂ ਗੁਰੂ ਨਾਨਕ ਦੇ ਪਦਚਿੰਨ੍ਹਾਂ ਤੋਂ ਕੁਝ ਵਲ਼ ਪਾ ਕੇ ਅਸੀਂ ਸਿਹਵਨ ਸ਼ਰੀਫ਼ ਜਾ ਰਹੇ ਹਾਂ ਤਾਂ ਜੋ ਭਗਤ ਸਧਨਾ ਦੀਆਂ ਯਾਦਾਂ ਨਾਲ ਸਾਂਝ ਪਾਈ ਜਾ ਸਕੇ। ਭਗਤ ਸਧਨਾ ਦਾ ਫ਼ਲਸਫ਼ਾ ਗੁਰੂ ਨਾਨਕ ਨਾਲ ਮੇਲ਼ ਖਾਂਦਾ ਸੀ।

ਹੋ ਲਾਲ ਮੋਰੀ ਪਤ ਰੱਖੀਓ ਬਲਾ ਝੂਲੇ ਲਾਲਨ।
ਸਿੰਧੜੀ ਦਾ, ਸਿਹਵਨ ਦਾ, ਸ਼ਾਹਬਾਜ਼ ਕਲੰਦਰ।

ਦਮਾ ਦਮ ਮਸਤ ਕਲੰਦਰ।
ਸਖੀ ਸ਼ਾਹਬਾਜ਼ ਕਲੰਦਰ।
ਮੇਰੀ ਹਰ ਦਮ ਅੰਦਰ।

ਹੇ ਲਾਲ ਚੋਗੇ ਵਾਲੇ ਕਲੰਦਰ (ਆਜ਼ਾਦ ਆਤਮਾ ਵਾਲੇ), ਮੇਰੀ ਇੱਜ਼ਤ ਬਚਾਓ।
ਸਿੰਧ ਅਤੇ ਸਹਿਵਾਨ ਦੇ, ਤੁਸੀਂ ਕਲੰਦਰਾਂ (ਗ਼ੈਰ-ਅਨੁਕੂਲ) ਦੇ ਸ਼ਾਹੀ ਬਾਜ਼ ਹੋ।
ਮੇਰਾ ਹਰ ਸਾਹ ਕਲੰਦਰ (ਆਜ਼ਾਦ ਸੋਚ ਵਾਲੇ) ਲਈ ਹੈ।
ਮੈਂ ਨੇਕ ਕਲੰਦਰ (ਅਣ-ਰਵਾਇਤੀ) ਨਾਲ ਦੋਸਤੀ ਕੀਤੀ ਹੈ।
ਮੇਰੇ ਹਰ ਸਾਹ ਵਿੱਚ, ਉਹ ਰਹਿੰਦੇ ਹਨ।

ਭਗਤ ਸਧਨਾ ਦੀ ਪਛਾਣ ਸਧਨਾ ਕਸਾਈ ਵਜੋਂ ਵੀ ਹੈ। ਉਨ੍ਹਾਂ ਦਾ ਜਨਮ ਪਾਕਿਸਤਾਨ ਦੇ ਸਿੰਧ ਸੂਬੇ ਦੇ ਸ਼ਹਿਰ ਸਿਹਵਨ ਸ਼ਰੀਫ਼ ਵਿੱਚ ਗਿਆਰਾਂ ਸੌ ਅੱਸੀ ਈਸਵੀ ਨੂੰ ਮੁਸਲਿਮ ਕਸਾਈ ਪਰਿਵਾਰ ਵਿੱਚ ਹੋਇਆ।

ਭਗਤ ਸਧਨਾ ਦੇ ਸਮੇਂ ਤੋਂ ਬਹੁਤ ਬਾਅਦ ਇਸ ਸ਼ਹਿਰ ਦਾ ਲਾਲ ਸ਼ਾਹਬਾਜ਼ ਕਲੰਦਰ ਦੀ ਦਰਗਾਹ ਨਾਲ ਜੁੜ ਕੇ ਨਾਮ ਹੋਇਆ।

ਉਠੋ ਰਿੰਦੋ (ਮਦਮਸਤੋ)।
ਉਠੋ ਰਿੰਦੋ (ਮਦਮਸਤੋ), ਪੀਓ ਜਾਮ ਏ ਕਲੰਦਰ।
ਤਲੂਏ ਸਹਰ ਹੈ ਸ਼ਾਮ ਏ ਕਲੰਦਰ (ਕਲੰਦਰ ਸਵੇਰ-ਸ਼ਾਮ ਵਿੱਚ ਵਸਿਆ ਹੈ)।
ਕਲੰਦਰ ਲਾਲ ਲਜ ਪਾ ਲੇ ਝੂਲੇ ਲਾਲ।

ਅਣਹੱਦ ਹੈਸੀਅਤ ਦੇ ਖ਼ਿਆਲ ਨਾਲ ਜਿਊਂਣ ਵਾਲੇ ਸੂਫ਼ੀ ਮਲੰਗ ਅਤੇ ਕਲੰਦਰ ਇਸ ਦਰਗਾਹ ਉੱਤੇ ਆਉਂਦੇ ਹਨ। ਭਗਤ ਸਧਨਾ ਦਾ ਰੂਹਾਨੀ ਝੁਕਾਅ ਵੀ ਇਸੇ ਪਾਸੇ ਨੂੰ ਸੀ।

ਕਿਹਾ ਜਾਂਦਾ ਹੈ ਕਿ ਭਗਤ ਸਧਨਾ ਨੂੰ ਕਿਸੇ ਬ੍ਰਾਹਮਣ ਨੇ 'ਸਾਲਿਗਰਾਮ' ਪੱਥਰ ਤੋਹਫ਼ੇ ਵਜੋਂ ਦਿੱਤਾ ਸੀ। ਸਾਲਿਗਰਾਮ ਹਿੰਦੂ ਧਰਮ ਵਿੱਚ ਵਿਸ਼ਨੂੰ ਦੀ ਨੁਮਾਇੰਦਗੀ ਕਰਦਾ ਹੈ। ਸਤਿਕਾਰ ਵਜੋਂ ਭਗਤ ਸਧਨਾ ਪਹਿਲਾਂ ਸਾਲਿਗਰਾਮ ਦੀ ਪੂਜਾ ਕਰਦੇ ਸਨ ਅਤੇ ਬਾਅਦ ਵਿੱਚ ਉਸੇ ਪੱਥਰ ਨਾਲ ਗਾਹਕਾਂ ਵਾਸਤੇ ਗੋਸ਼ਤ ਤੋਲਦੇ ਸਨ। ਉਨ੍ਹਾਂ ਦੇ ਇਸ ਕਰਮ ਨੇ ਇੱਕ ਪਾਸੇ ਹਿੰਦੂ ਬ੍ਰਾਹਮਣਾਂ ਦੀ ਨਾਰਾਜ਼ਗੀ ਸਹੇੜੀ ਅਤੇ ਦੂਜੇ ਪਾਸੇ ਬੁੱਤਪ੍ਰਸਤੀ ਦੇ ਇਲਜ਼ਾਮ ਤਹਿਤ ਉਹ ਮੁਸਲਮਾਨਾਂ ਦੇ ਕੁਬੋਲਾਂ ਦਾ ਸ਼ਿਕਾਰ ਹੋਏ। ਹੁਕਮਰਾਨ ਨੇ ਇਸ ਕਰਮ ਨੂੰ ਮਜ਼ਹਬਾਂ ਦਾ ਨਿਰਾਦਰ ਸਮਝਦੇ ਹੋਏ, ਉਨ੍ਹਾਂ ਨੂੰ ਜਿਊਂਦਾ ਕੰਧ ਵਿੱਚ ਚਿਣਨ ਦਾ ਹੁਕਮ ਦਿੱਤਾ। ਕਿਹਾ ਜਾਂਦਾ ਹੈ ਕਿ ਕੰਧ ਢਹਿ ਗਈ ਅਤੇ ਭਗਤ ਸਧਨਾ ਬਚ ਗਏ।

ਮੇਰੀ ਰਾਏ ਵਿੱਚ ਕੰਧ ਦੇ ਢਹਿ ਜਾਣ ਦਾ ਵਾਕਿਆ ਭਗਤ ਸਧਨਾ ਦਾ ਮਜ਼ਹਬੀ ਮੁਖ਼ਤਿਆਰਾਂ ਦੇ ਬਣਾਏ ਰੂੜ੍ਹ ਨੇਮਾਂ ਨੂੰ ਦਰਕਿਨਾਰ ਕਰਨ ਦੀ ਤਸ਼ਬੀਹ ਹੈ।

ਭਗਤ ਸਧਨਾ ਨੇ ਆਪਣੀ ਬਾਲਗ਼ ਜ਼ਿੰਦਗੀ ਦਾ ਜ਼ਿਆਦਾ ਹਿੱਸਾ ਇੰਡੀਆ ਦੇ ਪੂਰਬੀ ਪੰਜਾਬ ਦੇ ਸਰਹਿੰਦ ਸ਼ਹਿਰ ਵਿੱਚ ਗੁਜ਼ਾਰਿਆ ਅਤੇ ਉੱਥੇ ਹੀ ਆਖ਼ਰੀ ਸਾਹ ਲਿਆ।

ਭਗਤ ਸਦਨਾ ਅਤੇ ਗੁਰੂ ਨਾਨਕ ਦੇ ਦੌਰ ਵਿੱਚ ਭਾਵੇਂ ਸਦੀਆਂ ਦਾ ਫ਼ਾਸਲਾ ਹੈ ਪਰ ਉਨ੍ਹਾਂ ਦੇ ਫ਼ਲਸਫ਼ਿਆਂ ਦਾ ਬੁਨਿਆਦੀ ਤੱਤ ਸਾਂਝਾ ਹੈ। ਭਗਤ ਸਧਨਾ ਦਾ ਇੱਕ ਸ਼ਬਦ 'ਗੁਰੂ ਗ੍ਰੰਥ ਸਾਹਿਬ' ਵਿੱਚ ਸ਼ਾਮਿਲ ਹੈ।

ਤਵ ਗੁਨ ਕਹਾ ਜਗਤ ਗੁਰਾ ਜਉ ਕਰਮੁ ਨ ਨਾਸੈ॥
ਸਿੰਘ ਸਰਨ ਕਤ ਜਾਈਐ ਜਉ ਜੰਬੁਕੁ ਗ੍ਰਾਸੈ॥
ਮੈ ਨਾਹੀ ਕਛੁ ਹਉ ਨਹੀ ਕਿਛੁ ਆਹਿ ਨ ਮੋਰਾ॥
ਅਉਸਰ ਲਜਾ ਰਾਖਿ ਲੇਹੁ ਸਧਨਾ ਜਨੁ ਤੋਰਾ॥
(ਰਾਗ ਬਿਲਾਵਲ, ਭਗਤ ਸਧਨਾ)

ਓ ਜਗਤ ਗੁਰੂ! ਤੇਰਾ ਗੁਣ ਕਿਸ ਕੰਮ ਦਾ ਹੈ। ਜੇ ਤੁਸੀਂ ਮੈਨੂੰ ਮਾੜੀਆਂ ਸੋਚਾਂ ਨੂੰ ਮਨ ਵਿੱਚ ਮਿਟਾਉਣ ਦਾ ਗੁਰ ਨਹੀਂ ਦੇ ਸਕਦੇ।
ਜੇ ਗਿੱਦੜ ਦਾ ਸ਼ਿਕਾਰ ਹੀ ਬਣਨਾ ਹੈ ਤਾਂ ਸ਼ੇਰ ਤੋਂ ਆਪਣੀ ਰਾਖੀ ਦੀ ਮੰਗ ਕਿਉਂ ਕਰਨੀ ਹੈ?
ਮੈਂ ਕੁਝ ਨਹੀਂ, ਮੇਰੇ ਕੋਲ ਕੁਝ ਨਹੀਂ, ਅਤੇ ਨਾ ਕੁਝ ਮੇਰਾ ਹੈ।
ਮੇਰੀ ਲਾਜ ਰੱਖੋ, ਸਧਨਾ ਤੇਰਾ ਨਿਮਾਣਾ ਸੇਵਾਦਾਰ ਹੈ।
(ਰਾਗ ਬਿਲਾਵਲ, ਭਗਤ ਸਧਨਾ)

ਸ਼ਿਕਾਰਪੁਰ ਤੋਂ ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਸਿੰਧੂ ਨਦੀ ਵਿੱਚ ਕਿਸ਼ਤੀ ਰਾਹੀਂ ਮੀਰਪੁਰ ਖ਼ਾਸ ਦਾ ਸਫ਼ਰ ਕੀਤਾ।

ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਹੁਣ ਅਸੀਂ ਸ਼ਿਕਾਰਪੁਰ ਤੋਂ ਮੀਰਪੁਰ ਖ਼ਾਸ ਜਾ ਰਹੇ ਹਾਂ।

**ਅਮਰਦੀਪ ਸਿੰਘ:** ਸਿੰਧ ਦੇ ਸਫ਼ਰ ਦੌਰਾਨ ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਮੀਰਪੁਰ ਖ਼ਾਸ ਵਿੱਚ ਕਿਆਮ ਕੀਤਾ। ਸ਼ਹਿਰ ਦੇ ਵਿਚਕਾਰ ਇਹ ਗੁਰਦਵਾਰਾ ਉਨ੍ਹਾਂ ਦੀ ਯਾਦ ਵਿੱਚ ਬਣਾਇਆ ਗਿਆ ਸੀ।

ਬਰੇ ਸਗੀਰ ਦੀ ਉੱਨੀ ਸੌ ਸੰਤਾਲੀ ਦੀ ਵੰਡ ਦੌਰਾਨ ਗੁਰੂ ਨਾਨਕ ਦੀ ਨਾਮਲੇਵਾ ਸੰਗਤ ਨੂੰ ਮੀਰਪੁਰ ਖ਼ਾਸ ਤੋਂ ਹਿਜਰਤ ਕਰਨੀ ਪਈ ਜਿਸ ਕਾਰਨ ਇਹ ਗੁਰਦਵਾਰਾ ਵੀਰਾਨ ਹੋ ਗਿਆ ਸੀ।

ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਮੀਰਪੁਰ ਖ਼ਾਸ ਤੋਂ ਸਿੰਧੂ ਨਦੀ ਵਿੱਚ ਕਿਸ਼ਤੀ ਰਾਹੀਂ ਆਪਣਾ ਸਫ਼ਰ ਜਾਰੀ ਰੱਖਿਆ। ਉਸ ਵੇਲੇ ਕੋਰੀ ਨਦੀ ਵਜੋਂ ਜਾਣੀ ਜਾਂਦੀ ਇਹ ਨਦੀਂ ਅਰਬ ਸਾਗਰ ਵਿੱਚ ਜਾ ਪੈਂਦੀ ਹੈ। ਇਸੇ ਵਿੱਚ ਸਫ਼ਰ ਕਰਦੇ ਹੋਏ ਉਹ ਲਖਪਤ ਬੰਦਰਗਾਹ ਉੱਤੇ ਪੁੱਜੇ।

ਅਸੀਂ ਮੀਰਪੁਰ ਖ਼ਾਸ ਤੋਂ ਇੰਡੀਆ-ਪਾਕਿਸਤਾਨ ਦੀ ਸਰਹੱਦ ਪਾਰ ਕਰਨ ਲਈ ਪਾਕਿਸਤਾਨ ਦੇ ਪੰਜਾਬ ਜਾ ਰਹੇ ਹਾਂ ਅਤੇ ਇੰਡੀਆ ਦੇ ਗੁਜਰਾਤ ਸੂਬੇ ਵਿੱਚ ਲਖਪਤ ਤੋਂ ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਆਪਣਾ ਸਫ਼ਰ ਅੱਗੇ ਤੋਰਾਂਗੇ।

**ਅਮਰਦੀਪ ਸਿੰਘ:** ਕਦੇ ਕੋਟ ਲਖਪਤ ਖ਼ੁਸ਼ਹਾਲ ਸ਼ਹਿਰ ਸੀ। ਇਹ ਖੇਤੀ ਲਈ ਜ਼ਰਖ਼ੇਜ਼ ਇਲਾਕਾ ਸੀ, ਸੌਦਾਗਰੀ ਅਤੇ ਜ਼ਿਆਰਤ ਲਈ ਅਹਿਮ ਸੀ। ਇਹ ਸ਼ਹਿਰ ਵੰਨ-ਸਵੰਨੇ ਮਜ਼ਹਬੀ ਅਕੀਦਿਆਂ ਵਾਲੇ ਜੀਆਂ ਦੀ ਮਹਿਮਾਨ ਨਿਵਾਜ਼ੀ ਕਰਦਾ ਸੀ।

ਲਖਪਤ ਦੀ ਹੋਣੀ ਦਾ ਫ਼ੈਸਲਾ ਅਠਾਰਾਂ ਸੌ ਉੱਨੀ ਵਿੱਚ ਆਏ ਰਣ ਕੱਛ ਵਾਲੇ ਭੂਚਾਲ ਨੇ ਕੀਤਾ। ਇਹ ਧਰਤੀ ਪੰਦਰਾਂ ਫੁੱਟ ਹੇਠਾਂ ਧਸ ਗਈ ਅਤੇ ਵਿਰਲਾਂ ਵਿੱਚ ਸਮੁੰਦਰ ਦਾ ਖਾਰਾ ਪਾਣੀ ਭਰ ਗਿਆ ਜਿਸ ਨਾਲ ਜ਼ਰਖ਼ੇਜ਼ ਇਲਾਕਾ ਬੰਜਰ ਹੋ ਗਿਆ। ਸਿੰਧੂ ਅਤੇ ਕੋਰੀ ਨਦੀਆਂ ਦੇ ਵਹਿਣ ਲਖਪਤ ਤੋਂ ਪਿੱਛੇ ਹਟ ਗਏ। ਕਦੇ ਖ਼ੁਸ਼ਹਾਲ ਮੰਨੇ ਜਾਣ ਵਾਲੇ  ਲਖਪਤ ਦਾ ਰੁਤਬਾ ਗੁਆਚ ਗਿਆ। ਇਸ ਇਲਾਕੇ ਨੂੰ ਉੱਨੀ ਸੌ ਸੰਤਾਲੀ ਤੋਂ ਬਾਅਦ ਉੱਚ ਸੁਰੱਖਿਆ ਵਾਲੇ ਸਰਹੱਦੀ ਖੇਤਰ ਵਿੱਚ ਤਬਦੀਲ ਕਰ ਦਿੱਤਾ ਗਿਆ।

**ਅਮਰਦੀਪ ਸਿੰਘ:** ਜਦੋਂ ਗੁਰੂ ਨਾਨਕ ਨੇ ਲਖਪਤ ਦਾ ਸਫ਼ਰ ਕੀਤਾ ਸੀ ਤਾਂ ਇਸ ਦਾ ਨਾਮ ਬਸਤਾ ਬੰਦਰ ਸੀ। ਇਸ ਅਸਥਾਨ ਦੀ ਉਸਾਰੀ ਉਦਾਸੀ ਸੰਪਰਦਾਇ ਨੇ ਕੀਤੀ ਅਤੇ ਹੁਣ ਇਸ ਦਾ ਇੰਤਜ਼ਾਮ ਬਤੌਰ ਗੁਰਦਵਾਰਾ ਚਲਦਾ ਹੈ।

ਇਸ ਜ਼ਮੀਨ ਦੀ ਫ਼ਰਦ ਦਰਸਾਉਂਦੀ ਹੈ ਕਿ ਇਸ ਅਸਥਾਨ ਦੀ ਉਸਾਰੀ ਉਨ੍ਹੀਵੀਂ ਸਦੀ ਦੇ ਸ਼ੁਰੂ ਵਿੱਚ ਹੋਈ ਸੀ। ਗੁਰੂ ਨਾਨਕ ਅਤੇ ਨਾਨਕਪੰਥੀ ਸੰਗਤ ਦੀ ਅਕੀਦਤ ਵਿੱਚ ਮੁਕਾਮੀ ਹੁਕਮਰਾਨ ਨੇ ਲਾਗੇ ਦਾ ਪਿੰਡ ਕੋਰੀਯਾਨੀ ਇਸ ਅਸਥਾਨ ਦੇ ਨਾਮ ਕਰ ਦਿੱਤਾ ਸੀ ਜਿੱਥੋਂ ਇਸ ਦੇ ਇੰਤਜ਼ਾਮ ਲਈ ਮਾਲੀਆ ਉਗਰਾਹਿਆ ਜਾ ਸਕੇ।

ਅਸੀਂ ਲਖਪਤ ਤੋਂ ਕੁਝ ਵਲ਼ ਪਾ ਕੇ ਕੋਰੀਯਾਨੀ ਪਿੰਡ ਜਾ ਰਹੇ ਹਾਂ ਜੋ ਇੱਥੋਂ ਤਕਰੀਬਨ ਵੀਹ ਕਿਲੋਮੀਟਰ ਹੈ।

ਕੋਰੀਯਾਨੀ ਪਿੰਡ ਦੇ ਵਾਸੀਆਂ ਨੇ ਸਾਨੂੰ ਝੀਲ ਦੇ ਲਾਗੇ ਇੱਕ ਉਜਾੜ ਇਮਾਰਤ ਦਿਖਾਈ। ਉਨ੍ਹਾਂ ਨੇ ਜ਼ਿਕਰ ਕੀਤਾ ਕਿ ਇਹ ਅਸਥਾਨ ਉਦਾਸੀਆਂ ਨੇ ਬਣਾਇਆ ਸੀ ਅਤੇ ਇਸ ਦਾ ਇੰਤਜ਼ਾਮ ਲਖਪਤ ਵਿੱਚ ਗੁਰੂ ਨਾਨਕ ਦੀ ਯਾਦ ਵਿੱਚ ਬਣੇ ਅਸਥਾਨ ਵਾਲੇ ਇੰਤਜ਼ਾਮੀਆ ਕੋਲ ਹੀ ਸੀ। ਇਹ ਇਮਾਰਤ ਹੁਣ ਖੰਡਰ ਹੋ ਚੁੱਕੀ ਹੈ, ਇਹ ਉੱਨੀ ਸੌ ਸੱਠਵਿਆਂ ਦੇ ਦਹਾਕੇ ਵਿੱਚ ਵੀਰਾਨ ਹੋ ਗਈ ਸੀ।

**ਰਾਣਾ ਸੋਢਾ:** ਮੈਂ ਰਾਣਾ ਜੀ ਰਾਮੋਜੀ ਸੋਢਾ ਹਾਂ। ਮੈਂ ਕੋਰੀਯਾਨੀ ਵਿੱਚ ਰਹਿੰਦਾ ਹਾਂ। ਅਸੀਂ ਸੋਢਾ ਲੋਕ ਰਾਜਪੂਤ ਹਾਂ। ਅਸੀਂ ਉੱਨੀ ਸੌ ਇੱਕਤਰ ਵਿੱਚ ਪਾਕਿਸਤਾਨ ਤੋਂ ਆਏ ਸਾਂ। ਜਦੋਂ ਅਸੀਂ ਇੱਥੇ ਵਸੇਬ ਕੀਤਾ ਤਾਂ ਇਹ ਇਮਾਰਤ ਬਣੀ ਹੋਈ ਸੀ। ਇਸ ਦੀ ਛੱਤ ਵੀ ਕਾਇਮ ਸੀ। ਹੁਣ ਵੀ ਲੋਕ ਗੁਰੂ ਨਾਨਕ ਨੂੰ ਮੰਨਦੇ ਹਨ।

ਸਾਡੇ ਇੱਥੇ ਭਗਤੀ ਵਾਲੇ ਸਾਰੇ ਆਦਮੀ ਗੁਰੂ ਨਾਨਕ ਨੂੰ ਮੰਨਦੇ ਸੀ। ਰੂਹਾਨੀਅਤ ਦੇ ਰਾਹ ਤੁਰਨ ਵਾਲੇ ਗੁਰੂ ਨਾਨਕ ਨੂੰ ਚੰਗੀ ਤਰ੍ਹਾਂ ਜਾਣਦੇ ਹਨ।

ਇੰਡੀਆ-ਪਾਕਿਸਤਾਨ ਦੇ ਲਖਪਤ ਅਤੇ ਕੋਰੀਯਾਨੀ ਦੇ ਸਰਹੱਦੀ ਇਲਾਕੇ ਵਿੱਚੋਂ ਵਿਦਾ ਹੋਣ ਵੇਲੇ ਮੈਂ ਸੋਚ ਰਿਹਾ ਹਾਂ ਕਿ ਮਨੁੱਖ ਦੇ ਬਹੁਤ ਸਾਰੇ ਗੁਣ ਬਾਕੀ ਨਸਲਾਂ ਨਾਲ ਸਾਂਝੇ ਹਨ ਉਨ੍ਹਾਂ ਦਾ ਨਿਰਾਲਾਪਣ ਉਨ੍ਹਾਂ ਦੀ ਦਿਮਾਗ਼ੀ ਸਮਰੱਥਾ ਅਤੇ ਸਹਿਯੋਗ ਦੀ ਲਚਕ ਹੈ। ਇਸ ਵਿਲੱਖਣਤਾ ਦੇ ਬਾਵਜੂਦ ਮਨੁੱਖ ਗ਼ਲਤੀਆਂ ਕਰਦਾ ਹੈ ਅਤੇ ਵੰਡੀਆਂ ਪਾਉਂਦਾ ਹੈ। ਗੁਰੂ ਨਾਨਕ ਨੇ ਮਨੁੱਖਾ ਮਨ ਦੀਆਂ ਵੱਖ-ਵੱਖ ਅਵਸਥਾਵਾਂ ਦੀ ਤੁਲਨਾ ਬਾਕੀ ਨਸਲਾਂ ਦੇ ਲੱਛਣਾਂ ਨਾਲ ਕੀਤੀ ਹੈ ਅਤੇ ਸਾਨੂੰ ਚੰਗੇ ਗੁਣਾਂ ਨੂੰ ਹਮਸਾਰ ਕਰਨ ਅਤੇ ਬੁਰੇ ਗੁਣਾਂ ਨੂੰ ਰੱਦ ਕਰਨ ਲਈ ਪ੍ਰੇਰਨਾ ਦਿੱਤੀ ਹੈ।

ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ॥
ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ॥
(ਰਾਗ ਗਉੜੀ ਚੇਤੀ, ਗੁਰੂ ਨਾਨਕ)

ਕਈ ਵਾਰ ਮੈਂ ਪੌਦਿਆਂ ਅਤੇ ਰੁੱਖਾਂ ਵਾਂਗ ਵਿਹਾਰ ਕੀਤਾ ਹੈ। ਕਈ ਵਾਰ ਮੈਂ ਪਸ਼ੂਆਂ ਵਾਂਗ ਵਿਹਾਰ ਕੀਤਾ ਹੈ।
ਕਈ ਵਾਰ ਮੈਂ ਨਾਗ ਦੀ ਚਾਲ ਚੱਲੀ ਹੈ ਅਤੇ ਪੰਛੀਆਂ ਵਾਂਗ ਉਡਾਰੀਆਂ ਮਾਰੀਆਂ ਹਨ।
(ਰਾਗ ਗਉੜੀ ਚੇਤੀ, ਗੁਰੂ ਨਾਨਕ)

ਲਖਪਤ ਤੋਂ ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਸਮੁੰਦਰ ਕਿਨਾਰੇ ਪੈਦਲ ਸਫ਼ਰ ਕੀਤਾ ਅਤੇ ਕੋਟੇਸ਼ਵਰ ਪਹੁੰਚੇ।

ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਹੁਣ ਅਸੀਂ ਲਖਪਤ ਤੋਂ ਕੋਟੇਸ਼ਵਰ ਜਾ ਰਹੇ ਹਾਂ।

ਗੁਜਰਾਤ ਦੇ ਕੱਛ ਜ਼ਿਲ੍ਹੇ ਵਿੱਚ ਕੋਰੀ ਨਦੀ ਦੀ ਸਮੁੰਦਰ ਵਿੱਚ ਨਿਕਾਸੀ ਦੇ ਲਾਗੇ ਕੋਟੇਸ਼ਵਰ ਹੈ ਜਿਸ ਦਾ ਪੁਰਾਤਨ ਕੋਟੇਸ਼ਵਰ ਮੰਦਿਰ ਮਸ਼ਹੂਰ ਹੈ।

ਇਤਿਹਾਸਕ ਤੌਰ ਉੱਤੇ ਸ਼ੈਵ ਮਤ ਦੇ ਉਪਾਸ਼ਕ ਕੋਟੇਸ਼ਵਰ ਅਤੇ ਹਿੰਗਲਾਜ ਮੰਦਿਰਾਂ ਨੂੰ ਆਪਣੇ ਜ਼ਿਆਰਤ ਦੇ ਅਸਥਾਨ ਵਿੱਚ ਸ਼ਾਮਿਲ ਕਰਦੇ ਸਨ। ਗੁਰੂ ਨਾਨਕ ਦੇ ਦੌਰ ਵਿੱਚ ਇਸ ਅਸਥਾਨ ਦੀ ਸੇਵਾ ਸੰਭਾਲ ਬੁਨਿਆਦੀ ਤੌਰ ਉੱਤੇ ਗੁਰੂ ਗੋਰਖਨਾਥ ਦੇ ਪੈਰੋਕਾਰ ਕਨਫਟੇ ਜੋਗੀ ਕਰਦੇ ਸਨ। ਇਹ ਮੰਨਿਆ ਜਾਂਦਾ ਹੈ ਕਿ ਉਨ੍ਹਾਂ ਨੇ ਕੋਟੇਸ਼ਵਰ ਵਿੱਚ ਗੁਰੂ ਨਾਨਕ ਨਾਲ ਸੰਵਾਦ ਕੀਤਾ।

ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਕੋਟੇਸ਼ਵਰ ਤੋਂ ਕਿਸ਼ਤੀ ਫੜੀ ਅਤੇ ਅਰਬ ਸਾਗਰ ਰਾਹੀਂ ਸੋਮੀਆਨੀ ਬੰਦਰਗਾਹ ਦਾ ਸਫ਼ਰ ਕੀਤਾ।

ਅਸੀਂ ਇੰਡੀਆ ਤੋਂ ਪਾਕਿਸਤਾਨ ਜਾ ਰਹੇ ਹਾਂ ਜਿੱਥੇ ਅਸੀਂ ਬਲੋਚਿਸਤਾਨ ਵਿੱਚ ਸੋਮੀਆਨੀ ਦੀ ਬੰਦਰਗਾਹ ਤੋਂ ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਆਪਣਾ ਸਫ਼ਰ ਅੱਗੇ ਤੋਰਾਂਗੇ।

ਕਰਾਚੀ ਦੇ ਉੱਤਰੀ-ਪੱਛਮੀ ਪਾਸੇ ਸੋਮੀਆਨੀ ਸਾਹਿਲੀ ਕਸਬਾ ਹੈ। ਇਹ ਕਦੇ ਖ਼ੁਸ਼ਹਾਲ ਕੁਦਰਤੀ ਬੰਦਰਗਾਹ ਸੀ ਅਤੇ ਮਰਕਜ਼ੀ ਏਸ਼ੀਆ ਦੀ ਸੌਦਾਗਰੀ ਦਾ ਅੱਡਾ ਸੀ।

ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਸੋਮੀਆਨੀ ਤੋਂ ਜ਼ਮੀਨੀ ਸਫ਼ਰ ਕੀਤਾ ਅਤੇ ਚੰਦਰਕੂਪ ਵਿੱਚੋਂ ਹੁੰਦੇ ਹੋਏ ਹਿੰਗਲਾਜ ਪਹੁੰਚੇ।

ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਹੁਣ ਅਸੀਂ ਸੋਮੀਆਨੀ ਤੋਂ ਹਿੰਗਲਾਜ ਜਾਂਦੇ ਹੋਏ ਚੰਦਰਕੂਪ ਜਾ ਰਹੇ ਹਾਂ ਜੋ ਹਿੰਗੋਲ ਮਿੱਟੀ ਵਾਲੇ ਜਵਾਲਾਮੁਖੀਆਂ ਦਾ ਝੁੰਡ ਹੈ।

'ਚੰਦਰ' ਦਾ ਮਾਅਨਾ ਚੰਦ ਹੈ ਅਤੇ 'ਕੂਪ' ਦਾ ਮਾਅਨਾ ਖ਼ੂਹ ਹੈ। ਮਿੱਟੀ ਦਾ ਇੱਕ ਜਵਾਲਾਮੁਖੀ ਤਕਰੀਬਨ ਤਿੰਨ ਸੌ ਫੁੱਟ ਉੱਚਾ ਹੈ ਜੋ ਹਿੰਗਲਾਜ ਮੰਦਿਰ ਜਾਣ ਵਾਲੇ ਹਿੰਦੂਆਂ ਲਈ ਜ਼ਿਆਰਤ ਦਾ ਅਸਥਾਨ ਹੈ। ਮਿੱਟੀ ਦੇ ਇਹ ਟਿੱਬੇ ਜਵਾਲਾਮੁਖੀਆਂ ਦੀ ਸਰਗਰਮੀ ਨਾਲ ਬਣੇ ਹਨ ਅਤੇ ਇਨ੍ਹਾਂ ਨੂੰ ਭਗਵਾਨ ਸ਼ਿਵ ਦੇ ਗੁੱਸੇ ਦਾ ਮਾਦੀ ਇਜ਼ਹਾਰ ਮੰਨਿਆ ਜਾਂਦਾ ਹੈ।

ਅਸੀਂ ਚੰਦਰਕੂਪ ਤੋਂ ਅੱਗੇ ਹਿੰਗਲਾਜ ਮੰਦਿਰ ਜਾ ਰਹੇ ਹਾਂ।

ਹਿੰਗਲਾਜ ਅਘੋਰ ਨਦੀ ਦੇ ਪੱਛਮੀ ਕੰਢੇ ਉੱਤੇ ਬਲੋਚਿਸਤਾਨ ਵਿੱਚ ਹੈ ਜਿਹੜਾ ਸਮੁੰਦਰ ਕੰਢੇ ਉੱਤੇ ਮਕਰਾਨ ਪਹਾੜੀ ਲੜੀ ਦੇ ਲਾਗੇ ਹੈ।

ਇਕ ਦਮ ਰਸਨੀ, ਕਰੇ ਜ੍ਵਾਲਾ॥
ਨੌਏ ਕੋਟ ਕੋ ਦੇਵੇ ਜਵਾਨੀ ॥
ਹਿੰਗਲਾਜ ਪਰ ਚਮ ਗਈ ਰਾਣੀ॥
ਹਰ ਜਨ ਕੇ ਹਿਰਦਯੇ ਮੈਂ ਜਾਣੀ॥
ਭਗਤ ਜਨਾ ਕੇ ਖੜੀ ਰਹਾਣੀ॥
ੴਕਾ ਭਜਨ ਕਰੇ ਨੀ॥

ਉਸ ਨੇ ਹਿੰਗਲਾਜ ਦੇ ਰੂਪ ਵਿੱਚ ਆਪਣੀ ਜੋਤ ਜਗਾਈ।
ਨੌ ਰੂਪਾਂ ਵਿੱਚੋਂ ਉਹ (ਹਿੰਗਲਾਜ) ਜੀਵਨ ਦਾਤੀ ਹੈ।
ਉਹ ਹਿੰਗਲਾਜ ਦੇ ਪਹਾੜਾਂ ਵਿੱਚ ਵਿਰਾਜੀ ਹੈ।
ਉਸ ਦਾ ਸਭ ਜੀਆਂ ਅੰਦਰ ਵਾਸਾ ਹੈ।
ਉਹ ਭਗਤ ਜਨਾਂ ਦੀ ਰਖਵਾਲ ਹੈ।
ਉਹ ੴ ਦਾ ਭਜਨ ਗਾਉਂਦੀ ਹੈ।

ਹਿੰਗਲਾਜ ਮੰਦਿਰ ਲਿਆਰੀ ਤਹਿਸੀਲ ਵਿੱਚ ਇੱਕ ਛੋਟੀ ਜਿਹੀ ਕੁਦਰਤੀ ਗੁਫ਼ਾ ਵਿੱਚ ਹੈ। ਇਹ ਇਕਵੰਜਾ ਮੁਕੱਦਸ 'ਸ਼ਕਤੀ ਪੀਠਾਂ' ਵਿੱਚ ਸ਼ਾਮਿਲ ਹੈ ਅਤੇ ਸ਼ਿਵ ਦੀ ਸ਼ਰੀਕਿ-ਹਿਯਾਤ ਸਤੀ ਨੂੰ ਮਨਸੂਬ ਹੈ। ਇਹ ਮੰਨਿਆ ਜਾਂਦਾ ਹੈ ਕਿ ਸਤੀ ਦਾ ਸਿਰ ਇਸ ਅਸਥਾਨ ਉੱਤੇ ਡਿੱਗਿਆ ਸੀ। ਹਿੰਦੂ ਰਵਾਇਤ ਵਿੱਚ ਹਿੰਗਲਾਜ ਸ਼ਕਤੀ ਦੀ ਉਪਾਸਨਾ ਦਾ ਅਹਿਮ ਅਸਥਾਨ ਹੈ। ਹਿੰਗਲਾਜ ਮਾਤਾ ਵਜੋਂ ਪੂਜੇ ਜਾਂਦੇ ਪੱਥਰ ਦੀ ਹਿੰਦੂ 'ਨਾਨੀ ਕਾ ਮੰਦਿਰ' ਅਤੇ ਮੁਸਲਮਾਨ 'ਨਾਨੀ ਕਾ ਹੱਜ' ਵਜੋਂ ਅਕੀਦਤ ਕਰਦੇ ਹਨ।

ਜਦੋਂ ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਹਿੰਗਲਾਜ ਦਾ ਸਫ਼ਰ ਕੀਤਾ ਤਾਂ ਇਸ ਇਲਾਕੇ ਵਿੱਚ ਜੋਗੀ ਨਾਥਪੰਥੀਆਂ ਦੀ ਚੋਖੀ ਸੰਗਤ ਸੀ। ਗੁਰੂ ਨਾਨਕ ਦਾ ਨਿਵੇਕਲਾ ਲਿਬਾਸ ਦੇਖ ਕੇ ਉਨ੍ਹਾਂ ਨੂੰ ਇਹ ਸਮਝ ਨਾ ਆਇਆ ਕਿ ਇਹ ਕੋਈ ਹਾਜੀ ਹੈ ਜਾਂ 'ਨਾਨੀ ਕਾ ਮੰਦਿਰ' ਵਿੱਚ ਆਇਆ ਜ਼ਿਆਰਤੀ ਹੈ। ਜਦੋਂ ਗੁਰੂ ਨਾਨਕ ਤੋਂ ਉਨ੍ਹਾਂ ਦੇ ਮਜ਼ਹਬ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਨੇ ਜੁਆਬ ਦਿੱਤਾ,

ਸਚੁ ਵਰਤੁ ਸੰਤੋਖੁ ਤੀਰਥੁ ਗਿਆਨੁ ਧਿਆਨੁ ਇਸਨਾਨੁ॥
ਦਇਆ ਦੇਵਤਾ ਖਿਮਾ ਜਪਮਾਲੀ ਤੇ ਮਾਣਸ ਪਰਧਾਨ॥
ਜੁਗਤਿ ਧੋਤੀ ਸੁਰਤਿ ਚਉਕਾ ਤਿਲਕੁ ਕਰਣੀ ਹੋਇ॥
ਭਾਉ ਭੋਜਨੁ ਨਾਨਕਾ ਵਿਰਲਾ ਤ ਕੋਈ ਕੋਇ॥
(ਰਾਗ ਸਾਰੰਗ, ਗੁਰੂ ਨਾਨਕ)

ਜੋ ਸੱਚ ਦਾ ਵਰਤ ਰੱਖਦੇ ਹਨ ਸੰਤੋਖ ਦਾ ਤੀਰਥ ਕਰਦੇ ਹਨ ਗਿਆਨ-ਧਿਆਨ ਦਾ ਇਸ਼ਨਾਨ ਕਰਦੇ ਹਨ
ਕਿਰਪਾ ਜਿਨ੍ਹਾਂ ਦਾ ਦੇਵਤਾ ਹੈ।
ਖਿਮਾ ਜਿਨ੍ਹਾਂ ਦੀ ਮਾਲਾ ਹੈ ਉਹ ਮਨੁੱਖ ਪ੍ਰਧਾਨ ਹਨ।
ਸੰਜਮ ਦੀ ਜ਼ਿੰਦਗੀ ਉਨ੍ਹਾਂ ਦੀ ਧੋਤੀ ਹੈ। ਉਨ੍ਹਾਂ ਦੀ ਸਹਿਜ ਸੁਰਤ ਹੀ ਅੰਨ ਪਕਾਉਣ ਦਾ ਪਾਕੀਜ਼ਾ ਅਸਥਾਨ ਹੈ ਅਤੇ ਚੰਗੇ ਕਰਮ ਹੀ ਮੱਥੇ ਦਾ ਤਿਲਕ ਹਨ।
ਨਾਨਕ ਆਖਦੇ ਹਨ ਕਿ ਜਿਹੜੇ ਪਿਆਰ ਦਾ ਭੋਜਨ ਛਕਦੇ ਹਨ ਉਹ ਵਿਰਲੇ ਲੋਕ ਹਨ।
(ਰਾਗ ਸਾਰੰਗ, ਗੁਰੂ ਨਾਨਕ)

ਗੁਰੂ ਨਾਨਕ ਨੇ ਮਜ਼ਹਬੀ ਅਤੇ ਕਰਮ-ਕਾਂਡੀ ਨੇਮਾਂ ਨੂੰ ਸਮਾਜ ਵਲੋਂ ਲਾਗੂ ਕਰਨ ਦੀ ਨਿਖੇਧੀ ਕੀਤੀ। ਉਨ੍ਹਾਂ ਆਖਿਆ ਕਿ ਜਿਹੜੇ ਕਾਇਨਾਤੀ ਪਿਆਰ ਨੂੰ ਤਰਜੀਹ ਦਿੰਦੇ ਹਨ ਉਹ ਸੱਚੇ ਮਜ਼ਹਬੀ ਮਨੁੱਖ ਹਨ। ਉਹ ਤੀਰਥਾਂ, ਪਛਾਣਾਂ, ਵਰਤਾਂ ਅਤੇ ਲਿਬਾਸਾਂ ਦੀ ਪੈਮਾਇਸ਼ ਤੋਂ ਉੱਤੇ ਹਨ।

**ਅਮਰਦੀਪ ਸਿੰਘ:** ਬਲੋਚਿਸਤਾਨ ਦੇ ਇਸ ਖ਼ੁਸ਼ਕ ਅਤੇ ਉਜਾੜ ਇਲਾਕੇ ਵਿੱਚ ਅਘੋਰ ਨਦੀ ਦੇ ਲਾਗੇ ਹਿੰਗਲਾਜ ਦੇ ਪਹਾੜਾਂ ਵਿੱਚ ਗੁਰੂ ਨਾਨਕ ਦੇ ਆਉਣ ਦੀ ਯਾਦ ਵਿੱਚ ਇੱਕ ਅਸਥਾਨ ਬਣਿਆ ਹੈ, ਜਿਸ ਨੂੰ ਅਸੀ ਵੇਖਣ ਜਾ ਰਹੇ ਹਾਂ।

ਇਹ ਬੰਜਰ ਪੱਥਰੀਲੇ ਪਹਾੜ ਡਰਾਉਂਦੇ ਹਨ। ਇਨ੍ਹਾਂ ਦਾ ਠਾਠ ਸਾਡੇ ਹੌਸਲੇ ਨੂੰ ਵੰਗਾਰਦਾ ਹੈ ਅਤੇ ਲੂਹ ਦੇਣ ਵਾਲੀ ਗਰਮੀ ਸਾਡਾ ਮਾਦਾ ਅਜ਼ਮਾ ਰਹੀ ਹੈ। ਆਪਣੇ ਜਿਸਮਾਂ ਦੀ ਤਾਕਤ ਉੱਤੇ ਬੇਯਕੀਨੀ ਦੇ ਬਾਵਜੂਦ ਅਸੀਂ ਆਪਣੀ ਸਿਦਕਦਿਲੀ ਨਾਲ ਚੜ੍ਹਾਈ ਸ਼ੁਰੂ ਕਰ ਦਿੱਤੀ। ਸ਼ੁਰੂ ਦੀ ਚੜ੍ਹਾਈ ਬਹੁਤ ਮੁਸ਼ਕਲ ਸੀ, ਅਗਲਾ ਸਫ਼ਰ ਥਕਾਉਣ ਵਾਲਾ ਸੀ ਪਰ ਮੰਜ਼ਿਲ ਤਸੱਲੀ ਦੇਣ ਵਾਲੀ ਸੀ। ਮੈਂ ਸਮਝਦਾ ਹਾਂ ਕਿ ਪਹਾੜ ਚੜ੍ਹਨ ਦਾ ਇਹ ਕਾਰਜ ਸਾਡੀ ਜ਼ਿੰਦਗੀ ਦੀਆਂ ਰੋਜ਼ਾਨਾ ਵੰਗਾਰਾਂ ਨੂੰ ਸਰ ਕਰਨ ਦੇ ਬਰਾਬਰ ਹੈ।

ਡੂੰਗਰੁ ਦੇਖਿ ਡਰਾਵਣੋ ਪੇਈਅੜੈ ਡਰੀਆਸੁ॥
ਊਚਉ ਪਰਬਤੁ ਗਾਖੜੋ ਨਾ ਪਉੜੀ ਤਿਤੁ ਤਾਸੁ॥
ਗੁਰਮੁਖਿ ਅੰਤਰਿ ਜਾਣਿਆ ਗੁਰਿ ਮੇਲੀ ਤਰੀਆਸੁ॥
(ਸਿਰੀ ਰਾਗ, ਗੁਰੂ ਨਾਨਕ)

ਮੈਂ ਦੁਨੀਆ ਦੇ ਤੌਰ-ਤਰੀਕਿਆਂ ਦੇ ਖ਼ਤਰਨਾਕ ਪਹਾੜਾਂ ਨੂੰ ਦੇਖ ਖ਼ੌਫ਼ਜ਼ਦਾ ਹਾਂ।
ਜੇ ਕਿਸੇ ਪੌੜੀ ਦਾ ਸਹਾਰਾ ਨਾ ਹੋਵੇ ਤਾਂ ਇਨ੍ਹਾਂ ਉੱਚੇ ਪਹਾੜਾਂ ਨੂੰ ਸਰ ਕਰਨਾ ਮੁਸ਼ਕਲ ਹੈ।
ਰੂਹਾਨੀ ਪੱਖੋਂ ਰੌਸ਼ਨ-ਖ਼ਿਆਲ ਦੁਨਿਆਵੀ ਵੰਗਾਰਾਂ ਨੂੰ ਸਰ ਕਰਦੇ ਹੋਏ ਹੀ ਵਿਵੇਕ ਦੇ ਤਲਬਗਾਰ ਰਹਿੰਦੇ ਹਨ।
(ਸਿਰੀ ਰਾਗ, ਗੁਰੂ ਨਾਨਕ)

**ਅਮਰਦੀਪ ਸਿੰਘ:** ਬਾਬਾ ਜੀ ਵਾਹਿਗੁਰੂ।

**ਪ੍ਰੇਮ ਬਾਲਮੀਕੀ:** ਜੈ ਮਾਤਾ ਕੀ।

**ਅਮਰਦੀਪ ਸਿੰਘ:** ਤੁਹਾਡਾ ਕੀ ਹਾਲ ਹੈ?

**ਪ੍ਰੇਮ ਬਾਲਮੀਕੀ:** ਇਹ ਹਿੰਗਲਾਜ ਹੈ, ਇੱਥੇ ਬਹੁਤ ਬੜੇ-ਬੜੇ ਮਹਾਤਮਾ ਆਏ ਹਨ। ਗੁਰੂ ਨਾਨਕ ਵੀ ਆਏ ਹਨ। ਹੋਰ ਥੋੜ੍ਹਾ ਜਿਹਾ ਅੱਗੇ ਹੈ, ਗੁਰੂ ਗੋਰਖਨਾਥ ਦੇ ਕਦਮ ਵੀ ਹਨ। ਵਧੂਣਾ ਸਾਹਿਬ ਵੀ ਹੈ।

**ਅਮਰਦੀਪ ਸਿੰਘ:** ਬਲੋਚਿਸਤਾਨ ਅਤੇ ਸਿੰਧ ਦੀ ਨਾਨਕਪੰਥੀ ਅਤੇ ਹਿੰਦੂ ਬਰਾਦਰੀ ਨੇ ਪੈਰ ਦੇ ਛਾਪੇ ਵਾਲਾ ਅਸਥਾਨ ਬਣਾਇਆ ਹੈ ਜੋ ਹਿੰਗਲਾਜ ਇਲਾਕੇ ਵਿੱਚ ਗੁਰੂ ਨਾਨਕ ਦੇ ਆਉਣ ਦੀ ਨੁਮਾਇੰਦਗੀ ਕਰਦਾ ਹੈ।

ਇਸ ਅਸਥਾਨ ਦੇ ਲਾਗੇ ਹੀ ਪੈਰ ਦੇ ਛਾਪਿਆਂ ਵਾਲੀ ਯਾਦਗਾਰ ਗੁਰੂ ਗੋਰਖਨਾਥ ਦੇ ਸ਼ਰਧਾਲੂਆਂ ਨੇ ਬਣਾਈ ਹੈ।

ਗੁਰੂ ਨਾਨਕ ਦੇ ਪੈਰਾਂ ਦੇ ਛਾਪਿਆਂ ਵਜੋਂ ਬਣਾਈ ਇਹ ਯਾਦਗਾਰ ਮੁਕਾਮੀ ਹਿੰਦੂ ਬਰਾਦਰੀ ਦੇ ਗੁਰੂ ਨਾਨਕ ਪ੍ਰਤੀ ਪਿਆਰ ਅਤੇ ਸਤਿਕਾਰ ਦੀ ਤਸਦੀਕ ਕਰਦੀ ਹੈ। ਮੇਰੇ ਲਈ ਪੈਰ ਦੇ ਇਹ ਛਾਪੇ ਸਾਨੂੰ ਯਾਦ ਕਰਵਾਉਂਦੇ

ਹਨ ਕਿ ਵਹਿਦਤ ਦੇ ਰਾਹ ਉੱਤੇ ਚੱਲੋ ਜਿਸ ਲਈ ਗੁਰੂ ਨਾਨਕ ਨੇ ਦੂਰ-ਦੁਰਾਡੇ ਅਤੇ ਮੁਸ਼ਕਲ ਖੇਤਰਾਂ ਦਾ ਸਫ਼ਰ ਕੀਤਾ।

ਬਰਤਾਨਵੀ ਲੇਖਕ ਏ. ਡਬਲਿਊ. ਹਿਊਸ ਨੇ ਅਠਾਰਾਂ ਸੌ ਸਤੱਤਰ ਈਸਵੀ ਦੀ ਆਪਣੀ ਕਿਤਾਬ 'ਦ ਕੰਟਰੀ ਔਫ ਬਲੋਚਿਸਤਾਨ' ਵਿੱਚ 'ਗਿੱਚਕੀ' ਕਬੀਲੇ ਦਾ ਜ਼ਿਕਰ ਕੀਤਾ ਹੈ। ਉਸ ਨੇ ਉਨ੍ਹਾਂ ਕਬਾਇਲੀਆਂ ਨੂੰ ਸਿੱਖਾਂ ਵਜੋਂ ਦਰਜ ਕੀਤਾ ਹੈ ਜੋ ਗੁਰੂ ਨਾਨਕ ਦੇ ਪੈਰੋਕਾਰ ਸਨ ਅਤੇ ਹਿੰਗਲਾਜ, ਮਕਰਾਨ ਅਤੇ ਕਲਾਤ ਇਲਾਕਿਆਂ ਵਿੱਚ ਵਸਦੇ ਸਨ। ਉੱਨੀ ਸੌ ਸੰਤਾਲੀ ਦੀ ਵੰਡ ਤੋਂ ਬਾਅਦ ਇਸ ਇਲਾਕੇ ਵਿੱਚ ਕੋਈ 'ਗਿੱਚਕੀ' ਸਿੱਖ ਨਹੀਂ ਰਹਿੰਦਾ।

**ਅਮਰਦੀਪ ਸਿੰਘ:** ਹਿੰਗਲਾਜ ਦੇ ਰਹੱਸਵਾਦੀਆਂ ਨਾਲ ਕੁਝ ਸਮਾਂ ਗੁਜ਼ਾਰਨ ਤੋਂ ਬਾਅਦ, ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਵਾਪਸ ਸੋਮੀਆਨੀ ਦਾ ਸਫ਼ਰ ਕੀਤਾ ਅਤੇ ਸਮੁੰਦਰੀ ਰਾਸਤੇ ਫ਼ਾਰਸ ਦੀ ਖਾੜੀ ਵਾਲੇ ਪਾਸੇ ਨੂੰ ਚਾਲੇ ਪਾਏ।

ਸਮੁੰਦਰ ਦਾ ਪਾਣੀ ਲਹਿਰ ਵਜੋਂ ਉੱਪਰ ਆਉਂਦਾ ਹੈ ਅਤੇ ਆਪਣੀ ਪਛਾਣ ਕਾਇਮ ਕਰਦਾ ਹੈ ਪਰ ਜਲਦੀ ਹੀ ਆਪਣੀ ਨਿਰਾਲੀ ਪਛਾਣ ਮਿਟਾ ਕੇ ਸਮੁੰਦਰ ਵਿੱਚ ਸਮਾ ਜਾਂਦਾ ਹੈ ਅਤੇ ਮੁੜ ਸਮੁੰਦਰ ਦਾ ਪਾਣੀ ਬਣ ਜਾਂਦਾ ਹੈ। ਇਹ ਵਰਤਾਰਾ ਮੈਨੂੰ ਗੁਰੂ ਨਾਨਕ ਦਾ ਸ਼ਬਦ ਯਾਦ ਕਰਵਾਉਂਦਾ ਹੈ ਜੋ ਨਿਵੇਕਲੇ ਹੋਣ ਦੇ ਫਰੇਬ ਨੂੰ ਬਿਆਨ ਕਰਦਾ ਹੈ। ਜਦੋਂ ਆਤਮਾ ਦਾ ਪਰਮਾਤਮਾ ਨਾਲ ਮੇਲ ਹੁੰਦਾ ਹੈ ਤਾਂ ਇਹ ਨਿਵੇਕਲਾਪਣ ਮਿੱਟ ਜਾਂਦਾ ਹੈ।

ਆਤਮਾ ਪਰਾਤਮਾ ਏਕੋ ਕਰੈ॥
ਅੰਤਰ ਕੀ ਦੁਬਿਧਾ ਅੰਤਰਿ ਮਰੈ॥
(ਰਾਗ ਧਨਾਸਰੀ, ਗੁਰੂ ਨਾਨਕ)

ਜਦੋਂ ਮਨੁੱਖ ਦੀ ਚੇਤਨਾ ਕਾਇਨਾਤੀ ਚੇਤਨਾ ਨਾਲ ਇੱਕ ਹੋ ਜਾਂਦੀ ਹੈ
ਤਾਂ ਅੰਦਰ ਦੀ ਦੁਬਿਧਾ ਦੂਰ ਹੋ ਜਾਂਦੀ ਹੈ।
(ਰਾਗ ਧਨਾਸਰੀ, ਗੁਰੂ ਨਾਨਕ)

# ਚਰਚਾ ਲਈ ਕੁਝ ਨੁਕਤੇ

## ਸੈਨਤ, ਗੁਰੂ ਨਾਨਕ ਦੇ ਪੈਂਡਿਆਂ ਦੀ ਰੂਹਾਨੀ ਛਾਪ

### ਐਪੀਸੋਡ ੨੦: ਰੰਗੀਨ ਗੁਲਦਸਤਾ (ਰੰਗ-ਬਿਰੰਗੇ ਫੁੱਲਾਂ ਦਾ ਗੁੱਛਾ)

ਇਸ ਐਪੀਸੋਡ ਵਿਚ ਚਰਚਾ ਨਾਲ ਸੰਬੰਧਿਤ ਇਹ ਨੁਕਤੇ ਗੁਰੂ ਨਾਨਕ ਦੁਆਰਾ ਕੀਤੀ ਤੀਜੀ ਯਾਤਰਾ ਦਾ ਵਿਸ਼ਲੇਸ਼ਣ ਕਰਦੇ ਹਨ, ਜਿਸ ਵਿਚ ਉਨ੍ਹਾਂ ਦੁਆਰਾ ਸੂਫੀ ਸੰਤਾਂ ਨਾਲ ਕੀਤੀ ਵਾਰਤਾਲਾਪ, ਨਾਨਕਪੰਥੀ ਪਰੰਪਰਾਵਾਂ, ਅਤੇ ਪਾਕਿਸਤਾਨ ਦੇ ਸਿੰਧੂ ਖੇਤਰ ਵਿਚਲੇ ਬ੍ਰਿਤਾਂਤ ਸ਼ਾਮਲ ਹਨ। ਗੁਰੂ ਨਾਨਕ ਦੁਆਰਾ ਕੀਤੀ ਫੋਕੇ ਕਰਮ-ਕਾਂਡਾ ਦੀ ਆਲੋਚਨਾ, ਸਚਿਆਰਤਾ ਬਾਰੇ ਉਨ੍ਹਾਂ ਦੀ ਦ੍ਰਿਸ਼ਟੀ, ਡਰ ਦਾ ਪ੍ਰਭਾਵ, ਚੇਤਨਾ ਦੀ ਪ੍ਰਕ੍ਰਿਤੀ, ਅਤੇ ਏਕਤਾ ਪ੍ਰਤੀ ਵਿਚਾਰਧਾਰਾ ਇਹ ਦਰਸਾਉਂਦੀ ਹੈ ਕਿ ਉਨ੍ਹਾਂ ਦੇ ਅਨੁਭਵਾਤਮਕ ਗਿਆਨ ਨੇ ਕਿਵੇਂ ਵੱਖ-ਵੱਖ ਸਭਿਆਚਾਰਾਂ ਵਿਚਕਾਰ ਸਥਾਈ ਦਾਰਸ਼ਨਿਕ ਸੰਬੰਧਾਂ ਨੂੰ ਉਤਸ਼ਾਹਿਤ ਕੀਤਾ। ਉਨ੍ਹਾਂ ਦੁਆਰਾ ਦਿਤਾ ਬਿਬੇਕ ਧਾਰਮਿਕ ਸਰਹੱਦਾਂ ਤੋਂ ਪਾਰ ਸਦੀਵੀ ਮਾਰਗਦਰਸ਼ਨ ਪ੍ਰਦਾਨ ਕਰਦਾ ਹੈ। ਗੁਰੂ ਨਾਨਕ ਦੀਆਂ ਉਦਾਸੀਆਂ ਧਰਾਤਲ ਅਤੇ ਰੂਹਾਨੀ ਯਾਤਰਾ ਦੋਵਾਂ ਦੇ ਸਮਨਵੈ ਸੀ, ਜਿਨ੍ਹਾਂ ਦੀ ਗੂੰਜ ਵੱਖ-ਵੱਖ ਧਰਮਾਂ ਅਤੇ ਖੇਤਰਾਂ ਵਿਚ ਗੂੰਜਦੀ ਹੈ, ਭਾਵੇਂ ਕਿ ੧੯੪੭ ਦੇ ਬਟਵਾਰੇ ਨੇ ਇਨ੍ਹਾਂ ਸੰਬੰਧਾਂ ਵਿਚ ਦਰਾੜ ਪੈਦਾ ਕਰ ਦਿੱਤੀ ਹੋਵੇ।

## ਇਤਿਹਾਸਕ ਚਰਚਾ ਨੁਕਤੇ:

੧. ਗੁਰੂ ਨਾਨਕ ਦੀ ਤੀਜੀ ਯਾਤਰਾ ਦਾ ਕਾਲਕ੍ਰਮ ਕੀ ਹੈ, ਅਤੇ ਉਨ੍ਹਾਂ ਦੀਆਂ ਯਾਤਰਾਵਾਂ ਦੇ ਗੂੜ੍ਹ ਪ੍ਰਭਾਵ ਨੂੰ ਸਮਝਣ ਲਈ ਇਸ ਸਮੇਂ ਨੂੰ ਸਮਝਣਾ ਕਿਉਂ ਜ਼ਰੂਰੀ ਹੈ?
ਐਪੀਸੋਡ ਵਿਚ ਦੱਸਿਆ ਗਿਆ ਹੈ ਕਿ ਨਨਕਾਣਾ ਸਾਹਿਬ ਅਤੇ ਸੁਲਤਾਨਪੁਰ ਲੋਧੀ ਵਿਚ ਆਪਣੇ ਪਰਿਵਾਰਾਂ ਨਾਲ ਕੁਝ ਸਮਾਂ ਬਿਤਾਉਣ ਤੋਂ ਬਾਅਦ, ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਆਪਣੀ ਤੀਜੀ ਯਾਤਰਾ ਸ਼ੁਰੂ ਕੀਤੀ, ਜਿਸਨੂੰ ੧੫੨੦ ਈਸਵੀ ਵਿਚ ਸ਼ੁਰੂ ਹੋਇਆ ਮੰਨਿਆ ਜਾਂਦਾ ਹੈ। ਇਸ ਯਾਤਰਾ ਦੌਰਾਨ ਉਹ ਪੱਛਮ ਵਾਲੇ ਪਾਸੇ ਉਹਨਾਂ ਥਾਵਾਂ ਵੱਲ ਗਏ ਜੋ ਇਸਲਾਮੀ ਵਿਸ਼ਵਾਸ ਵਾਲਿਆਂ ਲਈ ਧਾਰਮਿਕ ਤੌਰ ਤੇ ਮਹੱਤਵਪੂਰਨ ਸਨ। ਇਹ ਖੋਜ ਗੁਰੂ ਨਾਨਕ ਦੇ ਵਿਆਪਕ ਦ੍ਰਿਸ਼ਟੀਕੋਣ ਅਤੇ ਅੰਤਰ-ਧਰਮ ਸੰਵਾਦ ਨੂੰ ਉਤਸ਼ਾਹਿਤ ਕਰਨ ਦੀ ਵਚਨਬੱਧਤਾ ਨੂੰ ਕਿਵੇਂ ਦਰਸਾਉਂਦੀ ਹੈ?

੨. ਸੂਫੀ ਸੰਤਾਂ ਨਾਲ ਗੁਰੂ ਨਾਨਕ ਦੁਆਰਾ ਕੀਤੀ ਵਾਰਤਾਲਾਪ ਨੇ ਰੂਹਾਨੀ ਪਿੱਠਭੂਮੀ ਕਿਵੇਂ ਤਿਆਰ ਕੀਤੀ ਜਿਸ ਨਾਲ ਉਨ੍ਹਾਂ ਨੂੰ ਭਗਤੀ ਸਾਹਿਤ ਇਕੱਤਰ ਕਰਨ ਦੀ ਪ੍ਰੇਰਨਾ ਮਿਲੀ?

ਪਾਕਪਟਨ ਦੀ ਯਾਤਰਾ ਦੌਰਾਨ, ਗੁਰੂ ਨਾਨਕ ਅਤੇ ਸ਼ੇਖ ਇਬਰਾਹੀਮ ਨੇ ਰੂਹਾਨੀ ਸਬਦਾਂ ਰਾਹੀਂ ਦਾਰਸ਼ਨਿਕ ਵਿਚਾਰਾਂ ਦਾ ਅਦਾਨ-ਪ੍ਰਦਾਨ ਕੀਤਾ। ਸ਼ੇਖ ਇਬਰਾਹੀਮ ਦੀ ਮਦਦ ਨਾਲ, ਗੁਰੂ ਨਾਨਕ ਨੇ ਬਾਬਾ ਫਰੀਦ ਦੀ ਬਾਣੀ ਇਕੱਤਰ ਕੀਤੀ। ਇਹ ਬਾਣੀ ਬਾਅਦ ਵਿਚ 'ਗੁਰੂ ਗ੍ਰੰਥ ਸਾਹਿਬ' ਵਿਚ ਦਰਜ ਕੀਤੀ ਗਈ। ਇਹ ਸਾਂਝੀ ਕੋਸ਼ਿਸ਼ ਗੁਰੂ ਨਾਨਕ ਦੇ ਉਸ ਦ੍ਰਿਸ਼ਟੀਕੋਣ ਨੂੰ ਕਿਵੇਂ ਪ੍ਰਗਟ ਕਰਦੀ ਹੈ ਜੋ ਧਾਰਮਿਕ ਸਰਹੱਦਾਂ ਤੋਂ ਪਾਰ ਰੂਹਾਨੀ ਗਿਆਨ ਨੂੰ ਸੰਭਾਲਣ ਲਈ ਸਮਰਪਿਤ ਸੀ?

੩. ਵੱਖ-ਵੱਖ ਖੇਤਰਾਂ ਵਿਚ ਮੌਜੂਦ ਸੂਫੀ ਦਰਗਾਹਾਂ ਦੀ ਸਥਾਪਨਾ ਨੇ ਗੁਰੂ ਨਾਨਕ ਦੁਆਰਾ ਭ੍ਰਮਣ ਕੀਤੇ ਗਏ ਧਾਰਮਿਕ ਖੇਤਰ ਨੂੰ ਕਿਵੇਂ ਰੁਪਾਂਤ੍ਰਿਤ ਕੀਤਾ?

ਐਪੀਸੋਡ ਵਿਚ ਦੱਸਿਆ ਗਿਆ ਹੈ ਕਿ ਅੱਠਵੀਂ ਸਦੀ ਵਿਚ ਮੱਧ ਏਸ਼ੀਆ ਤੋਂ ਆਏ ਵਪਾਰੀਆਂ ਅਤੇ ਹਮਲਾਵਰਾਂ ਰਾਹੀਂ ਇਸਲਾਮ ਦੀ ਆਮਦ ਮੁਲਤਾਨ ਵਿਚ ਹੋਈ। ਜਦੋਂ ਗੁਰੂ ਨਾਨਕ ਨੇ ਇਸ ਖੇਤਰ ਦੀ ਯਾਤਰਾ ਕੀਤੀ, ਤਦ ਮੁਲਤਾਨ ਦਾ ਉਚ ਖੇਤਰ ਵੱਖ-ਵੱਖ ਪਰੰਪਰਾਵਾਂ ਦੇ ਮੁਸਲਮਾਨ ਫਕੀਰਾਂ ਦਾ ਮੁੱਖ ਕੇਂਦਰ ਸੀ। ਇਹ ਬਹੁਤ ਸਾਰੇ ਸੂਫੀ ਸੰਤਾਂ ਦਾ ਕੇਂਦਰ ਬਣ ਗਿਆ, ਜਿਸਨੂੰ 'ਉਚ ਸ਼ਰੀਫ' ਕਿਹਾ ਜਾਂਦਾ ਹੈ, ਜਿਸਦਾ ਅਰਥ ਹੈ "ਉੱਚਾ ਸ਼ਹਿਰ।" ਇਹ ਸੂਫੀ ਕੇਂਦਰ ਰੂਹਾਨੀ ਵਾਰਤਾਲਾਪ ਦੇ ਮੌਕੇ ਕਿਵੇਂ ਪੈਦਾ ਕਰਦੇ ਸਨ?

੪. ਜਿਨ੍ਹਾਂ ਖੇਤਰਾਂ ਵਿੱਚ ਗੁਰੂ ਨਾਨਕ ਪਹੁੰਚੇ, ਉਥੇ ਉਨ੍ਹਾਂ ਦੀਆਂ ਯਾਤਰਾਵਾਂ ਨੇ 'ਨਾਨਕਪੰਥੀ' ਪਰੰਪਰਾ ਨੂੰ ਕਿਵੇਂ ਪ੍ਰਭਾਵਿਤ ਕੀਤਾ, ਅਤੇ ਇਤਿਹਾਸਕ ਘਟਨਾਵਾਂ ਨੇ ਇਸ ਪਰੰਪਰਾ ਉਪਰ ਕੀ ਅਸਰ ਪਾਇਆ?

ਐਪੀਸੋਡ ਵਿਚ ਦਸਿਆ ਗਿਆ ਹੈ ਕਿ ਗੁਰੂ ਨਾਨਕ ਦਾ ਵਿਸ਼ਵਿਆਪੀ ਭਾਈਚਾਰੇ ਅਤੇ ਅਦਵੈਤਵਾਦ ਦਾ ਸੰਦੇਸ਼ ਸਿੰਧ ਦੀ ਸਮਾਜਿਕ-ਧਾਰਮਿਕ ਮਾਨਤਾਵਾਂ ਵਿਚ ਗੂੜ੍ਹ ਰੂਪ ਵਿਚ ਰਚਿਆ ਹੋਇਆ ਹੈ। ਹਿੰਦੂ ਪਿਛੋਕੜ ਵਾਲੇ ਇਸ ਖੇਤਰ ਦੇ ਲੋਕ ਗੁਰੂ ਨਾਨਕ ਦੇ ਦਰਸ਼ਨ ਨਾਲ ਜੁੜ ਗਏ ਅਤੇ ਉਨ੍ਹਾਂ ਨੂੰ 'ਨਾਨਕਪੰਥੀ' ਵਜੋਂ ਜਾਣਿਆ ਗਿਆ। ੧੯੪੭ ਦੀ ਵੰਡ ਨੇ ਇਸ ਸਮਕਾਲੀ ਪਰੰਪਰਾ

ਨੂੰ ਕਿਵੇਂ ਪ੍ਰਭਾਵਤ ਕੀਤਾ, ਜਿਵੇਂ ਕਿ ਤਿਆਗੀਆਂ ਥਾਵਾਂ ਅਤੇ ਖੰਡਿਤ ਭਾਈਚਾਰਿਆਂ ਦੇ ਹਵਾਲਿਆਂ ਤੋਂ ਪਤਾ ਲੱਗਦਾ ਹੈ??

੫. ਸਥਾਨਕ ਭਾਈਚਾਰਿਆਂ ਦੁਆਰਾ ਗੁਰੂ ਨਾਨਕ ਨਾਲ ਸੰਬੰਧਿਤ ਵੱਖ-ਵੱਖ ਖੇਤਰਾਂ ਵਿਚਲੀਆਂ ਯਾਤਰਾਵਾਂ ਦੀ ਯਾਦ ਨੂੰ ਕਿਵੇਂ ਸੰਭਾਲਿਆ ਗਿਆ?
ਪੂਰੇ ਐਪੀਸੋਡ ਵਿਚ ਗੁਰੂ ਨਾਨਕ ਦੀਆਂ ਯਾਤਰਾਵਾਂ ਦੀ ਯਾਦ ਵਿਚ ਸਥਾਪਿਤ ਕੀਤੇ ਗਏ ਸਥਾਨਾਂ ਦਾ ਜ਼ਿਕਰ ਹੈ। ਇਸ ਦੀ ਇਕ ਪ੍ਰਮੁੱਖ ਉਦਾਹਰਨ ਸ਼ੰਕਰ ਆਨੰਦ ਭਾਰਤੀ ਦਰਬਾਰ ਹੈ, ਜੋ ਸ਼ਿਕਾਰਪੁਰ ਵਿਚ ਗੁਰੂ ਨਾਨਕ ਦੀ ਹਾਜ਼ਰੀ ਅਤੇ ਸਿੰਧ ਵਿੱਚ ਸੁੱਕਰ ਰਾਹੀਂ ਹੋਈ ਉਨ੍ਹਾਂ ਦੀ ਯਾਤਰਾ ਦੀ ਯਾਦ ਨੂੰ ਸਮਰਪਿਤ ਸਭ ਤੋਂ ਪੁਰਾਤਨ ਥਾਵਾਂ ਵਿੱਚੋਂ ਇਕ ਹੈ। ਇਨ੍ਹਾਂ ਤੋਂ ਇਲਾਵਾ, 'ਨਾਨਕਪੰਥੀ ਉਦਾਸੀ ਸਾਧੂਆਂ' ਨੇ ਸਿੰਧੂ ਦਰਿਆ ਦੇ ਵਿਚਕਾਰ 'ਸਾਧੂ ਬੇਲਾ' ਸਥਾਨ ਦੀ ਸਥਾਪਨਾ ਕੀਤੀ। ਇਹ ਸਮਾਰਕੀ ਸਥਾਨ ਗੁਰੂ ਨਾਨਕ ਦੀਆਂ ਯਾਤਰਾਵਾਂ ਦੇ ਸਥਾਈ ਪ੍ਰਭਾਵ ਅਤੇ ਇਸ ਖੇਤਰ ਦੀ ਰੂਹਾਨੀ ਵਿਰਾਸਤ ਵਿਚ ਉਨ੍ਹਾਂ ਦੇ ਮਹੱਤਵ ਨੂੰ ਕਿਵੇਂ ਦਰਸਾਉਂਦੇ ਹਨ?

## ਦਾਰਸ਼ਨਿਕ ਚਰਚਾ ਨੁਕਤੇ:

੧. ਗੁਰੂ ਨਾਨਕ ਦੁਆਰਾ ਦਿੱਤੀ ਸਚਿਆਰਤਾ ਦੀ ਵਿਚਾਰਧਾਰਾ ਧਾਰਮਿਕ ਸਰਹੱਦਾਂ ਤੋਂ ਪਰੇ ਕਿਵੇਂ ਜਾਂਦੀ ਹੈ?
ਐਪੀਸੋਡ ਵਿਚ ਗੁਰੂ ਨਾਨਕ ਕਹਿੰਦੇ ਹਨ ਕਿ ਸਚ ਸਭ ਤੋਂ ਉੱਚਾ ਹੈ, ਪਰ ਸਚ ਤੋਂ ਵੀ ਉੱਚਾ ਸੱਚਾ ਜੀਵਨ ਹੈ। ਸਚ ਨੂੰ ਸਿਰਫ਼ ਇਕ ਵਿਚਾਰ ਨਾ ਮੰਨ ਕੇ ਇਕ ਕਰਮ ਦੇ ਰੂਪ ਵਿੱਚ ਦੇਖਣ ਦਾ ਇਹ ਦ੍ਰਿਸ਼ਟੀਕੋਣ, ਉਨ੍ਹਾਂ ਦੀਆਂ ਯਾਤਰਾਵਾਂ ਦੌਰਾਨ ਵੱਖ-ਵੱਖ ਧਾਰਮਿਕ ਪਰੰਪਰਾਵਾਂ ਵਿਚਕਾਰ ਇਕ ਪੁਲ ਨੂੰ ਸਿਰਜਨ ਵਿਚ ਕਿਵੇਂ ਭੂਮਿਕਾ ਨਿਭਾਉਂਦਾ ਹੈ?

੨. ਗੁਰੂ ਨਾਨਕ ਕਰਮਕਾਂਡੀ ਰਸਮਾਂ ਦੀ ਆਲੋਚਨਾ ਕਿਵੇਂ ਕਰਦੇ ਹਨ, ਅਤੇ ਉਹ ਰੂਹਾਨੀ ਅਭਿਆਸ ਲਈ ਕਿਵੇਂ ਇਕ ਨਵਾਂ ਦ੍ਰਿਸ਼ਟੀਕੋਣ ਸਿਰਜਦੇ ਹਨ?
ਹਿੰਗਲਾਜ ਵਿਚ ਜਦ ਤੀਰਥਯਾਤਰੀਆਂ ਨੇ ਉਨ੍ਹਾਂ ਤੋਂ ਉਨ੍ਹਾਂ ਦੇ ਵਿਸ਼ਵਾਸ ਬਾਰੇ ਪੁੱਛਿਆ, ਤਾਂ ਗੁਰੂ ਨਾਨਕ ਨੇ ਇਕ ਸਬਦ ਰਾਹੀਂ ਉੱਤਰ ਦਿੱਤਾ, ਜਿਸ ਵਿਚ ਉਨ੍ਹਾਂ ਨੇ ਇਮਾਨਦਾਰੀ ਨੂੰ ਵਰਤ, ਸੰਤੋਖ ਨੂੰ ਤੀਰਥ, ਬੁੱਧੀ ਅਤੇ ਮਨਨ ਨੂੰ ਇਸ਼ਨਾਨ, ਦਇਆ ਨੂੰ ਦੇਵਤਾ ਅਤੇ ਮਾਫੀ ਨੂੰ ਜਪ ਦੀ

ਮਾਲਾ ਦੱਸਿਆ। ਉਹ ਧਾਰਮਿਕ ਅਤੇ ਕਰਮਕਾਂਡੀ ਢਾਂਚਿਆ ਨੂੰ ਸਮਾਜ ਵੱਲੋਂ ਬਣਾਈ ਗਈ ਨਿਯਮਾਵਲੀ ਮੰਨ ਕੇ ਅਸਵੀਕਾਰ ਕਰਦੇ ਹਨ। ਉਹ ਕਹਿੰਦੇ ਹਨ ਕਿ ਜੋ ਵਿਅਕਤੀ ਵਿਸ਼ਵਵਿਆਪੀ ਪਿਆਰ ਨੂੰ ਪ੍ਰਾਥਮਿਕਤਾ ਦਿੰਦੇ ਹਨ, ਉਹੀ ਸਚੇ ਧਰਮ ਦੇ ਪੱਖਦਾਰ ਹਨ। ਇਹ ਰੂਹਾਨੀ ਅਭਿਆਸ ਸਾਡੀ ਸੂਝ ਨੂੰ ਕਿਵੇਂ ਰੁਪਾਂਤ੍ਰਿਤ ਕਰਦਾ ਹੈ?

੩. ਗੁਰੂ ਨਾਨਕ ਆਪਣੇ ਦਾਰਸ਼ਨਿਕ ਵਿਚਾਰਾਂ ਰਾਹੀਂ ਮਨ ਅਤੇ ਚੇਤਨਾ ਪ੍ਰਤੀ ਸਾਡੀ ਸੂਝ ਨੂੰ ਕਿਵੇਂ ਉਜਾਗਰ ਕਰਦੇ ਹਨ?
ਐਪੀਸੋਡ ਵਿਚ ਅਜਿਹੇ ਸਬਦ ਸ਼ਾਮਿਲ ਹਨ ਜਿਨ੍ਹਾਂ ਵਿਚ ਗੁਰੂ ਨਾਨਕ ਕਹਿੰਦੇ ਹਨ ਕਿ ਮਾਇਆ ਨਾਲ ਭਰਿਆ ਹੋਇਆ ਮਨ ਆਕਾਸ਼ ਵਿੱਚ ਪੰਛੀ ਵਾਂਗ ਭਟਕਦਾ ਹੈ। ਉਹ ਇੰਦਰੀਆਂ ਦੀ ਤੁਲਨਾ ਚੋਰਾਂ ਨਾਲ ਕਰਦੇ ਹਨ ਜੋ ਮਨ ਨੂੰ ਲੁਟਦੀਆਂ ਹਨ, ਇਹ ਸੁਝਾਅ ਦਿੰਦਿਆਂ ਕਿ ਇੰਦਰਿਆਂ ਦੇ ਭ੍ਰਮ ਨੂੰ ਰੂਹਾਨੀ ਗਿਆਨ ਰਾਹੀਂ ਸਮਝਿਆ ਜਾ ਸਕਦਾ ਹੈ। ਇਕ ਹੋਰ ਸਬਦ ਵਿਚ ਉਹ ਕਹਿੰਦੇ ਹਨ ਕਿ ਜਦ ਅੰਦਰਲੀ ਚੇਤਨਾ ਪਰਮ ਚੇਤਨਾ ਵਿਚ ਲੀਨ ਹੋ ਜਾਂਦੀ ਹੈ, ਤਾਂ ਅੰਤਰੀਵੀ ਦਵੈਤ ਦਾ ਅੰਤ ਹੋ ਜਾਂਦਾ ਹੈ। ਇਹ ਉਨ੍ਹਾਂ ਦੁਆਰਾ ਮਨੁੱਖੀ ਮਨੋਵਿਗਿਆਨ ਅਤੇ ਰੂਹਾਨੀ ਰੁਪਾਂਤ੍ਰਣ ਦੀ ਸੂਝ ਬਾਰੇ ਕੀ ਦੱਸਦਾ ਹੈ?

੪. ਗੁਰੂ ਨਾਨਕ ਦੁਆਰਾ ਦਿਤਾ ਏਕਤਾ ਦਾ ਫ਼ਲਸਫਾ ਉਨ੍ਹਾਂ ਦੁਆਰਾ ਵੱਖ-ਵੱਖ ਧਾਰਮਿਕ ਪਰੰਪਰਾਵਾਂ ਨਾਲ ਰਚਾਏ ਸੰਵਾਦ ਤੋਂ ਕਿਵੇਂ ਪ੍ਰਗਟ ਹੁੰਦਾ ਹੈ?
ਜਦ ਉਨ੍ਹਾਂ ਤੋਂ ਪੁੱਛਿਆ ਗਿਆ ਕਿ ਕੀ ਸਰਵਉਚ ਸ਼ਕਤੀ ਹਿੰਦੂਆਂ ਅਤੇ ਮੁਸਲਮਾਨਾਂ ਦੋਹਾਂ ਵਿੱਚ ਮੌਜੂਦ ਹੈ, ਤਾਂ ਗੁਰੂ ਨਾਨਕ ਨੇ ਉੱਤਰ ਦਿੱਤਾ ਕਿ ਇਹ ਸ਼ਕਤੀ ਸ੍ਰਿਸ਼ਟਿਕਰਤਾ, ਪਾਲਣਹਾਰ, ਅਤੇ ਸੰਘਾਰਕ ਵੀ ਹੈ। ਸਰਵਉਚ ਸਰਵਵਿਆਪੀ ਹੋਂਦ ਪਿਆਰ ਨਾਲ ਭਰਪੂਰ ਹੈ ਅਤੇ ਸਾਰਿਆਂ ਵਿਚ ਵਿਆਪਕ ਹੈ। ਇਹ ਚੇਤਨਾ ਦਾ ਰੂਪ ਹੈ, ਜਿਵੇਂ ਇਕ ਵਹੁਟੀ ਸੋਹਣੇ ਵਸਤ੍ਰਾਂ ਨਾਲ ਸਜੀ ਹੋਵੇ। ਇਹ ਦ੍ਰਿਸ਼ਟੀਕੋਣ ਧਾਰਮਿਕ ਸਰਹੱਦਾਂ ਨੂੰ ਖਤਮ ਕਰਨ ਵਿਚ ਕਿਵੇਂ ਮਦਦਗਾਰ ਹੈ?

੫. ਡਰ ਮਨੁੱਖਾਂ ਵਿਚਕਾਰ ਵੰਡ ਪਾਉਣ ਵਿਚ ਕਿਵੇਂ ਭੁਮਿਕਾ ਨਿਭਾਉਂਦਾ ਹੈ, ਜਿਵੇਂ ਕਿ ਗੁਰੂ ਨਾਨਕ ਦੁਆਰਾ ਦਰਸਾਈ ਅੰਤਰੀਵੀ ਸੂਝ ਤੋਂ ਸਪੱਸ਼ਟ ਹੁੰਦਾ ਹੈ?
ਐਪੀਸੋਡ ਵਿੱਚ ਗੁਰੂ ਨਾਨਕ ਦਾ ਇਕ ਸਬਦ ਦਰਜ਼ ਹੈ ਜਿਸ ਵਿਚ ਉਹ ਕਹਿੰਦੇ ਹਨ ਕਿ ਡਰ ਪਿੱਛਾਂਹਖਿੱਚੂ ਅਤੇ ਭਾਰੀ ਹੁੰਦਾ ਹੈ। ਇਹ ਮਨ ਨੂੰ ਭਟਕਾਉਂਦਾ ਹੈ ਅਤੇ ਫ਼ਜ਼ੂਲ ਵਾਰਤਾਲਾਪਾਂ ਵਿਚ

ਖਚਿਤ ਕਰਦਾ ਹੈ। ਇਹ ਅੰਤਰੀਵੀ ਸੂਝ ਉਨ੍ਹਾਂ ਦੇ ਅਤੇ ਸਾਡੇ ਸਮੇਂ ਵਿਚ ਪਈ ਭਾਈਚਾਰਿਕ ਵੰਡ ਦੇ ਮੁਢਲੇ ਕਾਰਨਾਂ ਨੂੰ ਸਮਝਣ ਵਿਚ ਕਿਵੇਂ ਮਦਦ ਕਰਦੀ ਹੈ?